# ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ

## ਦਮਦਮੀ ਟਕਸਾਲ ਕਿਹੜਾ ਵਿਰਸਾ ਸੰਭਾਲ ਰਹੀ ਹੈ?

## ਦਮਦਮੀ ਟਕਸਾਲ ਵੱਲੋਂ 26 ਫਰਵਰੀ ਨੂੰ ਸੱਦੇ ਵਿਸ਼ਵ ਸਿਖ ਸਮੇਲਨ ਦੇ ਸੰਦਰਭ ਵਿਚ

ਮੇਰੇ ਗੁਰੂ ਵੱਲੋਂ ਆਪਣਾ ਰੂਪ ਕਹਿਕੇ ਨਿਵਾਜੇ, ਗੁਰੂ ਰੂਪ ਖਾਲਸੇ
ਮੁਖੀ ਦਮਦਮੀ ਟਕਸਾਲ ਬਾਬਾ ਹਰਨਾਮ ਸਿੰਘ ਖਾਲਸਾ ਜੀਓ,
ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ॥

ਜਦੋਂ ਦਾ ਪੱਕਾ ਪਤਾ ਲੱਗਾ ਹੈ ਕਿ ਦਮਦਮੀ ਟਕਸਾਲ ਵਲੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉਤੇ ਸਿਖ ਪੰਥ ਵਿਚ ਆ ਰਹੇ ਨਿਘਾਰ ਅਤੇ ਦਰਪੇਸ਼ ਚਣੌਤੀਆਂ ਦੇ ਟਾਕਰੇ ਲਈ ਅਤੇ ਅਜੋਕੇ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੇ ਹੋ ਰਹੇ ਕਿੰਤੂ-ਪੰਤੂ ਨੂੰ ਰੋਕਣ ਲਈ 26 ਫਰਵਰੀ 2006 ਨੂੰ ਫਤਹਿਗੜ੍ਹ ਵਿਖੇ ਵਿਸ਼ਵ ਸਿਖ ਸਮੇਲਨ ਸੱਦਿਆ ਹੈ, ਗੁਰਬਾਣੀ ਦੇ ਇਹ ਪਵਿਤ੍ਰ ਬੋਲ, **ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥**(ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 723) ਅਤੇ **ਸਚੁ ਸੁਣਾਇਸੀ ਸਚ ਕੀ ਬੇਲਾ** (ਪੰਨਾ 951), ਜਿਵੇਂ ਇਸ ਲਿਖਤ ਦੁਆਰਾ ਆਪਜੀ ਨਾਲ ਵਿਚਾਰ ਕਰਨ ਲਈ ਪ੍ਰੇਰਣਾ ਅਤੇ ਹੁਕਮ ਬਣ ਗਏ ਹੋਣ।

**21 ਵਰਿਆਂ ਮਗਰੋਂ ਪੰਥ ਨੂੰ ਸੰਬੋਧਤ ਹੋਣ ਅਤੇ ਲਾਮਬੰਦ ਕਰਨ ਤੋਂ ਪਹਿਲੇ ਜੋ ਹੋਣਾਂ ਚਾਹੀਦਾ ਸੀ ਜਾਂ ਹੈ:** ਇਨਸਾਨ ਦੀ ਜਾਣਨ ਦੀ ਰੁਚੀ ਨੇ ਕੁਦਰਤ ਵਿਚ ਸਮਾਏ, ਕਾਰ ਕਰ ਰਹੇ ਨਿਯਮਾਂ ਜਿਵੇਂ ਪੱਥਰ ਨੂੰ ਪੱਥਰ ਤੇ ਰਗੜਨ ਨਾਲ ਚੰਗਿਆੜੀ, ਨੂੰ ਥਿਉਰੀਆਂ, ਵਿਗਿਆਨ ਭਾਵ ਸੱਚ ਦਾ ਨਾਮ ਦਿੱਤਾ। ਇਸੇ ਸੱਚ ਭਾਵ ਥਿਉਰੀਆਂ ਨੂੰ ਅਧਾਰ ਬਣਾਕੇ ਮਸ਼ੀਨੀ ਅਤੇ ਇਲਕਟਰੌਨਕ ਤਕਨੀਕ ਦੁਆਰਾ ਇਸ ਸੰਸਾਰ ਦੀ ਦਨਿਆਵੀ ਚਲਤ ਚਲਾਈ ਹੋ ਰਹੀ ਹੈ। ਇਨਸਾਨ ਅਤਿ ਦੂਰ ਦੁਰਾਡੇ ਦੇ ਗ੍ਰਹਿਾਂ ਤੇ ਆਪਣੇ ਉਡਣ ਗਠੋਲਿਆਂ ਦੁਆਰਾ ਖੁਦ ਪੁਹੰਚਕੇ ਜਾਂ ਇਥੇ ਬੈਠਾ ਇਨਾਂ ਨੂੰ ਪਹੁੰਚਾਕੇ ਇਨਾਂ ਗ੍ਰਹਿਾਂ ਦੀ ਬਣਤਰ ਬਾਰੇ ਖੋਜ ਕਰ ਰਿਹਾ ਹੈ। ਹਰ ਰੋਜ ਹਵਾਈ ਜਹਾਜਾਂ ਜਾਂ ਹੋਰ ਸਾਧਨਾਂ ਦੁਆਰਾ ਹਜਾਰਾਂ ਮੀਲਾਂ ਦਾ ਸਫਰ ਕੁਝ ਕੁਝ ਘਿੰਟਿਆਂ ਜਾ ਦਿਨਾਂ ਵਿਚ ਕਰ ਰਿਹਾ ਹੈ। ਜਿਵੇਂ ਇਸ ਚਲਤ ਮਸ਼ਿਨਰੀ ਦਾ ਅਧਾਰ ਥਿਉਰੀਆਂ, ਵਿਗਿਆਨਕ ਸੱਚ ਹੈ ਭਾਵ ਕਿ ਇਹ ਕਰਾਂਗੇ ਤਾਂ ਇਸ ਦਾ ਰਿਜਾਲਟ ਇਹ ਹੈ, ਇਵੇਂ ਹੀ ਸਿਖ ਮੱਤ ਭਾਵ ਗੁਰਮਤਿ ਵੀ ਰੱਬ ਵਾਰੇ, ਉਸ ਦੀ ਸਾਜੀ ਅਪਾਰ ਕੁਦਰਤ ਵਾਰੇ ਅਤੇ ਉਸ ਦੀ ਨੇੜਤਾ ਅਤੇ ਪ੍ਰਾਪਤੀ ਲਈ ਉਸ ਦੇ ਹੁਕਮ ਅਤੇ ਰਜਾ ਦੇ ਪ੍ਰਗਟ ਕੀਤੇ ਇਨਸਾਨ ਵਾਰੇ, ਸੱਚ ਥਿਉਰੀਆਂ ਹਨ, ਸੱਚ ਸਿਧਾਂਤ ਹਨ ਅਤੇ ਇਨਾਂ ਨੂੰ ਪੂਰਨ ਰੂਪ ਵਿਚ ਉਸ ਦੇ ਹੁਕਮ ਅਤੇ ਰਜਾ ਦੇ ਪ੍ਰਗਟ ਕੀਤੇ ਇਨਸਾਨ ਵਲੋਂ ਅਪਣਾ ਲੈਣ ਅਤੇ ਨਾ ਅਪਣਾ ਲੈਣ ਦੇ ਰਿਜਾਲਟ, ਸਿੱਟੇ ਵੀ ਦਰਜ ਹਨ।

ਦੁਨਿਆਵੀ ਵੱਖ ਵੱਖ ਖੇਤਰਾਂ ਵਿਚ ਮਾਹਿਰ ਗਿਆਨ ਪ੍ਰਾਪਤ ਇਨਸਾਨ, ਆਪਣੀ ਇਜਾਦ ਕੀਤੀ, ਤਿਆਰ ਕੀਤੀ ਕਿਰਤ ਦੀ ਸਫਲਤਾ ਲਈ ਹਰ ਵਾਹ ਲਾਉਂਦਾ ਹੈ। ਪਰ ਫਿਰ ਵੀ ਜੇ ਇਕ ਡਾਕਟਰ ਦੀ ਪੂਰੀ ਦੇਖ ਭਾਲ ਦੇ ਬਾਵਜੂਦ ਸਿਟੇ ਉਸ ਦੀ ਆਸ ਦੇ ਉਲਟ ਨਿਕਲਦੇ ਨੇ ਅਤੇ ਉਸ ਨੂੰ ਇਸ ਦਾ ਕਾਰਣ ਨਹੀਂ ਪਤਾ ਜਾਂ ਕੋਈ ਚਲੈਂਜਰ ਧਰਤੀ ਦੇ ਵਾਯੂਮੰਡਲ ਵਿਚ ਦਾਖਲ ਹੁੰਦਾ ਫਟ ਜਾਂਦਾ ਹੈ ਜਾਂ ਕੋਈ ਹਵਾਈ ਜਹਾਜ ਡਿਗ ਜਾਂਦਾ ਹੈ ਕੋਈ ਇਮਾਰਤ ਗਿਰ ਜਾਂਦੀ ਹੈ ਤਾਂ ਇਸ ਨੂੰ ਹਾਦਸੇ ਦਾ ਨਾਮ ਦੇ ਕੇ ਜਾਂ ਰੱਬ ਦਾ ਭਾਣਾਂ ਮੰਨਕੇ, ਵਾਪਰੇ ਹਾਦਸੇ ਜਾਂ ਭਾਣੇ ਦੇ ਕਾਰਨਾਂ ਨੂੰ ਜਾਨਣ ਲਈ ਪੂਰੀ ਖੋਜ ਕੀਤੀ ਜਾਂਦੀ ਹੈ। ਅੰਤ ਇਸ ਦਾ ਜਬਾਬ ਲੱਭਿਆ ਜਾਂਦਾ ਹੈ ਕਿ ਕੀ ਕਿਤੇ ਪਦਾਰਥ ਵਿਚ ਕਮਜੋਰੀ ਰਹੀ ਹੈ ਜਾਂ ਇਨਸਾਨੀ ਭੁੱਲ, ਅਣਗਿਹਲੀ ਜਾਂ ਕਮਜੋਰੀ ਇਸ ਹਾਦਸੇ ਦਾ, ਭਾਣੇ ਦਾ ਕਾਰਣ ਬਣੀ ਹੈ। ਇਹ ਖੋਜ ਇਸ ਲਈ ਵੀ ਜਰੂਰੀ ਹੁੰਦੀ ਹੈ ਤਾਂ ਜੋ ਭਵਿਖ ਵਿਚ ਇਸੇ ਹੀ ਤਰਜ ਦਾ ਹੋਰ ਹਾਦਸਾ ਹੋ ਸਕਣੋਂ ਰੋਕਣ ਲਈ ਅਗਾਉਂ ਹੀ ਉਪਰਾਲੇ ਹੋ ਸਕਣ।

ਜੂਨ ਚੋਰਾਸੀ ਦੇ ਸ੍ਰੀ ਹਰਿਮੰਦਰ ਸਾਹਿਬ ਜੀ ਉਤੇ ਚਾਣਕੀਏ ਜਰਵਾਣੇ ਬਿਪਰਨ ਤਖਤ ਵੱਲੋਂ ਬੋਲੇ ਫੋਜੀ ਧਾਵੇ ਸਮੇਂ ਸ਼ਹੀਦ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਅਤੇ ਉਨਾਂ ਦੇ ਸਾਥੀ ਦਰ ਚੜ੍ਹ ਆਏ ਜਾਬਰਾਂ ਨਾਲ ਸੂਰਮਗਤੀ ਨਾਲ ਲੋਹਾ ਖੜਕਾਉਂਦਿਆਂ ਆਪਣੀਆਂ ਸ਼ਹੀਦੀਆਂ ਦੁਆਰਾ ਖਾਲਸਾ ਪੰਥ ਦੀ ਮੰਜਿਲ ਮੁਕਰਰ ਕਰਕੇ ਇਸ ਦੀ ਪ੍ਰਾਪਤੀ ਦੀ ਜ਼ਿਮੇਵਾਰੀ ਭਾਵੇਂ ਪੂਰੇ ਖਾਲਸਾ ਪੰਥ ਜਿਮੇ ਕਰ ਗਏ ਸਨ ਪਰ ਫਿਰ ਵੀ ਇਸ ਜਿਮੇਵਾਰੀ ਨੂੰ ਨਿਭਾਉਣ ਦਾ ਗੁਰੂ ਹੁਕਮ ਸਭ ਤੋਂ ਪਹਿਲੇ ਦਮਦਮੀ ਟਕਸਾਲ ਨੂੰ ਆਪਣੇ ਮੋਢਿਆਂ ਉਤੇ ਸਮਝਕੇ, ਸਿਖ ਸੰਘਰਸ਼ ਦੀ ਗਰੁਸਿਖਾਂ ਨੂੰ ਅੱਗੇ ਕਰਕੇ ਰਾਜਨੀਤਕ ਅਗਵਾਈ ਲਈ ਨਿਤਰ ਆਉਣਾਂ ਬਣਦਾ ਸੀ। ਕਿਉਂਕਿ ਇਕ ਤੇ ਇਸ ਵੱਲੋਂ ਸਿਖ ਕਿਰਦਾਰ ਅਤੇ ਸਿਖ ਵਿਰਸੇ ਨੂੰ ਸੰਭਾਲਣ ਦੀ ਦਸ਼ਮੇਸ਼ ਪਿਤਾ ਵੱਲੋਂ ਵਿਸ਼ੇਸ਼ ਜਿਮੇਵਾਰੀ ਕਬੂਲੀ ਹੋਈ ਹੈ ਅਤੇ ਦੂਜੇ ਸ਼ਹੀਦ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਦਮਦਮੀ ਟਕਸਾਲ ਦੇ ਮੁਖੀ ਵੀ ਸਨ। ਆਪਣੀ ਹੀ ਸੰਸਥਾ ਦੇ ਸ਼ਹੀਦ ਮੁਖੀ ਦੇ ਬੋਲਾਂ ਨੂੰ ਸਾਕਾਰ ਕਰਨ ਲਈ ਤੁਰੇ ਪੰਥਕ

ਕਾਫਲੇ ਵਿਚ ਸ਼ਮੂਲੀਅਤ, ਸਹਿਯੋਗ, ਅਗਵਾਈ ਨਾਲ ਨਿਤਰ ਆਉਣਾ, ਉਦੋਂ ਹੀ ਦਮਦਮੀ ਟਕਸਾਲ ਲਈ ਬਣਦਾ ਸੀ। ਇਹ ਅੱਜ ਸੱਦਿਆ ਵਿਸ਼ਵ ਸਿਖ ਸਮੇਲਨ ਸਭ ਤੋਂ ਪਹਿਲੇ ਜੂਨ ਚੋਰਾਸੀ ਦੇ ਸ੍ਰੀ ਹਰਿ ਮੰਦਰ ਸਾਹਿਬ ਜੀ ਉਤੇ ਬਿਪਰਨ ਮੰਨੂ ਤਖਤ ਵੱਲੋਂ ਬੋਲ ਦਿੱਤੇ ਫੋਜੀ ਧਾਵੇ ਮਗਰੋਂ ਸੱਦਣਾਂ ਬਣਦਾ ਸੀ।

ਪਰ ਹੋਇਆ ਇਸ ਦੇ ਬਿਲਕੁਲ ਹੀ ਉਲਟ। ਸਿਖ ਕਿਰਦਾਰ ਅਤੇ ਸਿਖ ਵਿਰਸੇ ਨੂੰ ਸੰਭਾਲਣ ਲਈ ਦਸ਼ਮੇਸ਼ ਪਿਤਾ ਵੱਲੋਂ ਵਿਸ਼ੇਸ਼ ਜਿਮੇਵਾਰ ਦਮਦਮੀ ਟਕਸਾਲ ਵੱਲੋਂ ਆਪਣੀ ਹੀ ਸੰਸਥਾ ਦੇ ਸ਼ਹੀਦ ਮੁਖੀ ਅਤੇ ਖਾਲਸਾ ਪੰਥ ਦੇ ਮਹਾਨ ਸ਼ਹੀਦ, ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਸ਼ਹੀਦ ਕਬੂਲਣ ਤੋਂ ਹੀ ਇਨਕਾਰ ਕਰ ਦਿੱਤਾ। ਉਨਾਂ ਨੂੰ ਗੈਰ ਹਾਜਰ ਐਲਾਨਿਆ ਗਿਆ ਅਤੇ ਆਪਣੇ ਆਪਨੂੰ ਇਸ ਉਡੀਕ ਵਿਚ ਬਿਠਾ ਲਿਆ ਗਿਆ ਕਿ ਉਹ ਮੁੜ ਪ੍ਰਗਟ ਹੋ ਸਿਖ ਸੰਘਰਸ਼ ਦੀ ਅਗਵਾਈ ਕਰਦੇ ਹੋਏ ਲਾਲ ਕਿਲੇ ਤੇ ਜਿਤ ਦਾ ਪ੍ਰਚਮ ਲਹਿਰਾਕੇ ਸ਼ਹੀਦ ਹੋਣਗੇ। ਖਾਲਸਾ ਪੰਥ ਦੇ ਇਤਿਹਾਸ ਵਿਚ ਇਸ ਤੋਂ ਵੱਡੀ ਅਨਹੋਣੀ ਜਾਂ ਹਾਦਸਾ ਹੋਰ ਕੀ ਹੋ ਸਕਦਾ ਹੈ ਕਿ ਸਿਖ ਧਰਮ ਵਾਰੇ ਪੂਰਨ ਗਿਆਨ ਭਾਵ ਜਾਣਕਾਰੀ ਰੱਖਣ ਅਤੇ ਵੰਡਣ ਦਾ ਪ੍ਰਤੀਕ ਸਿਖ ਵਿਸ਼ਵ ਵਿਦਿਆਲਾ, ਜਿਸ ਦੇ ਕਾਰਜਕਾਰੀ ਮੁਖੀ ਜਾਂ ਮੁਖੀ ਬ੍ਰਹਮਗਿਆਨੀ, ਉਹ ਹੀ ਖਾਲਸਾ ਪੰਥ ਨੂੰ ਗੁਰਮਤਿ ਦੀ ਕੋਈ ਉਤਮ ਦਲੀਲ ਦਿੱਤੇ ਬਿਨਾਂ ਹੀ ਆਪਣੇ ਕਹੇ ਨੂੰ ਸੱਚ ਦਾ ਨਾਮ ਦੇਕੇ ਉਸ ਉਤੇ ਅੜਨ, ਪ੍ਰਚਾਰਨ ਅਤੇ ਇਸ ਦੀ ਡਿਫੈਂਸ ਕਰਨ ਵਿਚ ਹੀ 21 ਵਰੇ ਗੁਜਾਰ ਦੇਵਣ।

ਖਾਲਸਾ ਜੀ ਸਭ ਸਮਰੱਥ ਸਿਰਜਣਹਾਰ ਅਕਾਲ ਪੁਰਖ ਪ੍ਰਮਾਤਮਾਂ ਵਾਹਿਗੁਰੂ ਦਾ ਫਿਰ ਅਣਗਿਣਤ ਵਾਰ, ਲੱਖ ਲੱਖ ਸ਼ੁਕਰਗੁਜ਼ਾਰ ਹੈ ਜੋ ਆਪਜੀ ਵਲੋਂ ਦਮਦਮੀ ਟਕਸਾਲ ਦੇ ਮੁਖੀ ਬਣਨ ਮਗਰੋਂ ਇਸ ਇਤਿਹਾਸਕ ਸੱਚ ਨੂੰ ਸਵਿਕਾਰ ਕਰਦੇ ਹੋਏ ਇਹ ਐਲਾਨ ਕੀਤਾ ਗਿਆ ਕਿ ਇਸ ਸੰਸਥਾ ਦੇ ਮੁਖੀ ਰਹੇ ਅਤੇ ਪੰਥ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਜੂਨ ਚੌਰਾਸੀ ਦੇ ਘੱਲੂਘਾਰੇ ਸਮੇਂ ਦਰ ਚੜ੍ਹ ਆਈਆਂ ਧਾੜਵੀ ਜਰਵਾਣੇ ਮੰਨੂਵਾਦੀ ਬਿਪਰਨ ਤਖਤ ਦੀਆਂ ਫੌਜਾਂ ਨਾਲ ਲੋਹਾ ਖੜਕਾਉਂਦਿਆਂ ਸ਼ਹੀਦੀ ਜਾਮ ਪੀ ਚੁੱਕੇ ਹਨ।

ਹੁਣੇ ਜਹੇ ਸ਼ਕਲੋਂ ਸਿਖ ਪਰ ਅੰਦਰੋਂ ਬਿਪਰਣ ਬਿਰਤੀ ਦੇ, ਬਿਪਰਨ ਤਖਤ ਸਹਿਯੋਗੀ ਰਾਜਿਆਂ ਅਤੇ ਵਿਰੋਧੀ ਪਾਰਟੀਆਂ ਵਲੋਂ ਪੰਜਾਬ ਵਿਧਾਨ ਸਭਾ ਵਿਚ ਖਾੜਕੂ ਸੰਘਰਸ਼ ਵਾਰੇ ਪੜਚੋਲ ਕਰਕੇ ਪੰਜਾਬ ਦੇ ਭਵਿਖ ਨੂੰ ਆਪਣੇ ਵਲੋਂ ਨੀਅਤ ਕਰਨ ਲਈ ਆਪਣੇ ਲਈ ਮਨ ਭਾਉਂਦੇ ਸਿੱਟੇ ਕੱਢੇ ਨੇ। ਕੁਝ ਸੰਘਰਸ਼ਸ਼ੀਲ ਸਿਖ ਅਜਿਹੀ ਬਹਿਸ ਦੇ ਜਨਤਾ ਦੀ ਅਦਾਲਤ ਵਿਚ ਹੋਣ ਦੀ ਵਕਾਲਤ ਕਰ ਰਹੇ ਹਨ। ਦਮਦਮੀ ਟਕਸਾਲ ਵੱਲੋਂ ਇਸ ਅੱਜ ਸੱਦੇ ਵਿਸ਼ਵ ਸਿਖ ਸਮੇਲਨ ਤੋਂ ਪਹਿਲੇ ਇਹ ਜਰੂਰੀ ਸੀ ਕਿ ਜੇ ਖੁਲ੍ਹੇ ਤੌਰ ਤੇ ਨਹੀਂ ਸੰਭਵ ਸੀ ਤਾਂ ਆਪਣੇ ਘਰ ਦੀ ਚਾਰ ਦੀਵਾਰੀ ਵਿਚ ਰਹਿੰਦੇ ਹੋਏ ਹੀ ਪੜਤਾਲ ਕਰਦੇ ਕਿ 21 ਸਾਲ ਤੱਕ ਸੰਤਾਂ ਦੀ ਸ਼ਹਾਦਤ ਨੂੰ ਨਾ ਕਬੂਲਣ ਦਾ ਅੱਤ ਮਾੜਾ, ਦੁਰਭਾਗਾ ਹਾਦਸਾ ਸਿਖ ਕਿਰਦਾਰ ਅਤੇ ਸਿਖ ਵਿਰਸੇ ਨੂੰ ਸੰਭਾਲਣ ਲਈ ਜਿਮੇਵਾਰ ਸੰਸਥਾ ਵਲੋਂ ਹੀ ਕਿਉਂ ਹੋ ਗਿਆ? ਕੀ ਕਿਤੇ ਸ਼ਰਧਾ ਵੱਸ ਗੁਰਮਤਿ ਦੇ ਕਿਸੇ ਪਵਿਤ੍ਰ ਅਸੂਲ ਨੂੰ, ਥਿਉਰੀ ਨੂੰ ਸਮਝਣ ਵਿਚ ਅਣਜਾਣੇ ਟਪਲਾ ਲੱਗ ਗਿਆ ਸੀ? ਕੀ ਆਪਣੀ ਹੀ ਸੰਸਥਾ ਦੇ ਮੁਖੀ ਸ਼ਹੀਦ ਦੇ ਕਿਸੇ ਬੋਲ ਦਾ ਮਤਲਬ ਅਣਜਾਣੇ ਗਲਤ ਕੁਝ ਹੋਰ ਸਮਝ ਹੋ ਗਿਆ ਸੀ ਜਾਂ ਕਿਸੇ ਵਲੋਂ ਆਪਣੇ ਕਿਸੇ ਸਵਾਰਥ ਦੀ ਪੂਰਤੀ ਲਈ ਜਾਣਬੁਝ ਕੇ ਗਲਤ ਪ੍ਰਚਾਰ ਕੀਤਾ ਅਤੇ ਕਰਵਾਇਆ ਗਿਆ ਅਤੇ ਇੰਜ ਪੰਥ ਵਿਚ ਨਿਘਾਰ ਲਿਆਉਣ ਲਈ ਆਪਣਾਂ ਹਿਸਾ ਜਾਣਬੁਝ ਕੇ ਪਾਇਆ ਗਿਆ?

ਸ਼ਹੀਦ ਸਿਖ ਜਰਨੈਲ ਸੰਤ ਦੀ ਪਵਿਤਰ ਦੇਹ ਦੀ ਪਛਾਣ ਕਰਨ ਵਾਲੇ ਕੈਪਟਨ ਹਰਚਰਨ ਸਿੰਘ ਜੀ ਦੇ ਬੋਲ, "ਛੇ ਜੂਨ 1984 ਨੂੰ ਫੌਜ ਦੇ ਕਹਿਣ ਤੇ ਮੈਂ ਸੰਤਾਂ ਦੀ ਪਵਿਤਰ ਦੇਹ ਦੀ ਸ਼ਨਾਖਤ ਕਰ ਦਿੱਤੀ ਸੀ ਜਿਸ ਵਿਚ ਮੈਨੂੰ ਕੋਈ ਸ਼ੱਕ ਨਹੀ ਸੀ। ਮੈ ਤਾਂ ਇਹ ਹੀ ਫੌਜ ਨੂੰ ਦੱਸਿਆ ਸੀ ਕਿ ਇਹ ਦੇਹ ਸੰਤ ਜਰਨੈਲ ਸਿੰਘ ਦੀ ਹੈ। ਪਰ ਜਦੋਂ ਮੈਂ ਹਰਿਮੰਦਰ ਸਾਹਿਬ ਕੰਪਲੈਕਸ ਤੋਂ ਬਾਹਰ ਆਇਆ ਤਾਂ ਦਮਦਮੀ ਟਕਸਾਲ ਦੇ ਸਿੰਘਾਂ ਨੇ ਮੈਨੂੰ ਕਿਹਾ ਕਿ ਸੰਤ ਤਾਂ ਜਿਉਂਦੇ ਹਨ। ਉਹ ਬਾਹਰ ਨਿਕਲ ਗਏ ਹਨ। ਤੁਸੀ ਉਨਾਂ ਨੂੰ ਸ਼ਹੀਦ ਕਹਿਕੇ ਗਦਾਰੀ ਕਰ ਰਹੇ ਹੋ।

ਮੈ ਤਾਂ ਬਾਬਾ ਠਾਕਰ ਸਿੰਘ ਨੂੰ ਵੀ ਕਈ ਵਾਰ ਕਹਿ ਚੁੱਕਾ ਸੀ ਕਿ ਕੌਮ ਨੂੰ ਭੰਬਲਭੁਸੇ ਵਿਚ ਨਾ ਰੱਖੋ। ਪਰ ਜਦੋਂ ਵੀ ਮੈਂ ਇਹ ਮਸਲਾ ਉਠਾਉਣ ਦੀ ਕੋਸ਼ਿਸ਼ ਕੀਤੀ ਮੈਨੂੰ ਗ਼ਦਾਰ ਸ਼ਬਦ ਨਾਲ ਪੁਕਾਰਨ ਦੀ ਕੋਸ਼ਿਸ਼ ਕੀਤੀ ਗਈ।"

ਸੱਚੇ ਦਿਲੋਂ ਹੋਈ ਪੜਤਾਲ ਨੂੰ ਲੈਕੇ ਦਮਦਮੀ ਟਕਸਾਲ ਵੱਲੋਂ ਕੋਈ ਪਛਚਾਤਾਵ ਅਰਦਾਸ ਦਿਨ ਨੀਅਤ ਹੁੰਦਾ। ਇਸ ਦਿਨ ਹੋਈ ਪੜਤਾਲ ਦਾ ਰਿਜਾਲਟ ਪੰਥ ਨਾਲ ਸਾਂਝਾ ਹੁੰਦਾ। ਜੇ ਕਿਸੇ ਵਲੋਂ ਆਪਣੇ ਕਿਸੇ ਸਵਾਰਥ ਦੀ ਪੂਰਤੀ ਲਈ ਜਾਣਬੁਝ ਕੇ ਸੰਤਾਂ ਦੇ ਜਿੰਦਾ ਹੋਣ ਦਾ ਕੀਤਾ ਅਤੇ ਕਰਵਾਇਆ ਪ੍ਰਚਾਰ ਸਿਧ ਹੁੰਦਾ, ਦਮਦਮੀ ਟਕਸਾਲ ਉਨਾਂ ਲਈ ਬਾਕੀ ਦੀ ਉਮਰ ਆਪਣੇ ਪ੍ਰਵਾਰਾਂ ਵਿਚ ਰਹਿੰਦੇ, ਨਾਮ ਦੇ ਰੰਗ ਨਾਲ ਉਨਾਂ ਤੋਂ ਹੋ ਗਏ ਪਾਪਾਂ ਨੂੰ ਧੋਂਦੇ ਰਹਿਣਾਂ ਕਰਦੀ। ਸੰਤਾਂ ਨੂੰ ਸ਼ਹੀਦ

ਕਹਿਣ ਬਦਲੇ ਮਾੜੇ ਬੋਲ ਬੋਲ ਦੇਣ ਵਾਲਿਆਂ ਤੋਂ ਅਤੇ ਸੰਤਾਂ ਨੂੰ ਜਿੰਦਾ ਐਲਾਨਣ ਦੇ ਹੋਏ ਗੁਨਾਹ ਦੀ ਖਾਲਸਾ ਪੰਥ ਤੋਂ ਮੁਆਫੀ ਮੰਗਦੀ, ਮੁੜ ਅਜਿਹਾ ਨਾ ਹੋਣ ਦੇਣ ਦਾ ਪੰਥ ਨੂੰ ਪ੍ਰਣ ਦੇਂਦੀ ਅਤੇ ਗੁਰੂ ਅੱਗੇ ਹੋ ਗਈ ਅਵੱਗਿਆ ਦੀ ਮੁਆਫੀ ਅਤੇ ਨਵੀਂ ਸ਼ੁਰੂਆਤ ਲਈ ਅਰਦਾਸ ਕਰਦੀ ਅਤੇ ਫਿਰ ਇਸ ਵਿਸ਼ਵ ਸਿਖ ਸੰਮੇਲਨ ਦੇ ਸੱਦੇ ਨਾਲ ਖਾਲਸਾ ਪੰਥ ਨੂੰ ਸੇਵਾ ਲਈ, ਸਹਿਯੋਗ ਲਈ, ਅਗਵਾਈ ਲਈ ਸੰਬੋਧਤ ਹੁੰਦੀ। ਇਸ ਤੋਂ ਸਿਵਾ ਬਾਕੀ ਲਈ ਗੁਰਬਾਣੀ ਦੇ ਫੁਰਮਣ ਹਨ ਹੀ: **ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥੬॥**(ਸਫਾ 1378) ਅਤੇ **ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥ ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ॥**(ਪੰਨਾ 484)

**ਹੁਣ 26 ਜਨਵਰੀ ਨੂੰ ਸੱਦੇ ਵਿਸ਼ਵ ਸਿਖ ਸੰਮੇਲਨ ਅਤੇ ਇਸ ਦੇ ਵਿਚਾਰ ਅਧੀਨ ਵਿਸ਼ਿਆਂ ਵਾਰੇ:** ਹਾਂ ਇਹ ਸੱਚ ਹੈ ਕਿ ਸਿਖ ਪੰਥ ਵਿਚ ਅਤਿ ਦਾ ਨਿਘਾਰ ਆ ਗਿਆ ਹੈ ਅਤੇ ਪੰਥ ਨੂੰ ਅਤਿ ਦੀਆਂ ਚਣੌਤੀਆਂ ਦਾ ਸਾਹਮਣਾਂ ਕਰਨਾਂ ਪੈ ਰਿਹਾ ਹੈ। ਪਰ ਇਹ ਵੀ ਸੱਚ ਹੈ ਕਿ ਇਸ ਸਭ ਦਾ ਇਕੋ ਇਕ ਹੱਲ, ਸ੍ਰੀ ਹਰਿ ਮੰਦਰ ਸਾਹਿਬ ਜੀ ਉਤੇ ਬਿਪਰਨ ਦਿਲੀ ਤਖਤ ਵਲੋਂ ਫੌਜੀ ਧਾਵਾ ਬੋਲ ਦੇਣ ਨਾਲ, ਗੁਰੂ ਹੁਕਮੀਂ ਜੂਨ ਚੌਰਾਸੀ ਦੇ ਸ਼ਹੀਦ ਆਪਣੀਆਂ ਲਾਸਾਨੀ ਸ਼ਹੀਦੀਆਂ ਨਾਲ ਐਲਾਨ ਕਰ ਹੀ ਚੁੱਕੇ ਨੇ। "ਦਿਲੀ ਤਖਤ ਵਲੋਂ ਸ੍ਰੀ ਹਰਿਮੰਦਰ ਸਾਹਿਬ ਉਤੇ ਫੌਜੀ ਧਾਵਾ, ਖਾਲਿਸਤਾਨ ਦਾ ਨੀਂਹ ਪੱਥਰ ਹੋਏਗਾ।" ਇਸ ਇਕੋ ਇਕ ਹੱਲ, ਖਾਲਸੇ ਵੱਲੋਂ ਆਪਣੇ ਆਜਾਦ ਘਰ ਦੀ ਨੀਅਤ ਕੀਤੀ ਮੰਜਿਲ ਵਲ ਤੁਰਨੋਂ ਹੋੜਨ ਲਈ ਬਿਪਰਨ ਜਾਬਰ ਤਖਤ ਆਪ ਅਤੇ ਅਪਣੀ ਵਿਰਤੀ ਅਤੇ ਨੀਤੀ ਦੇ ਸ਼ਕਲੋਂ ਸਿਖ ਦਿਸਦੇ ਪੰਜਾਬ ਦੇ ਹੁਕਮਰਾਨਾਂ ਦੁਆਰਾ ਡੇਢ ਲੱਖ ਸ਼ਹੀਦੀਆ ਲੈ ਚੁੱਕਾ ਹੈ। ਹੁਣ ਤੱਕ ਅਣਗਿਣਤ ਖਾਲਸਾ ਪੰਥ ਦੀ ਇਸ ਮੰਜ਼ਿਲ ਪ੍ਰਾਪਤੀ ਲਈ ਗੁਰੂ ਅੱਗੇ ਅਰਦਾਸਾਂ ਵੀ ਕਰਦੇ ਆਏ ਨੇ ਅਤੇ ਇਸ ਦੀ ਪ੍ਰਾਪਤੀ ਲਈ ਪੰਥ ਨਾਲ ਇਕਰਾਰ, ਵਾਅਦੇ, ਪ੍ਰਣ ਵੀ ਅਤੇ ਇਨਾਂ ਨੂੰ ਨਿਭਾਕੇ ਗਏ ਨੇ ਅਤੇ ਕਈ ਨਿਭਾਕੇ ਜਾਣਗੇ ਵੀ। ਮੰਜ਼ਿਲ ਦੀ ਪ੍ਰਾਪਤੀ ਤੱਕ ਇਹ ਹੁੰਦਾ ਹੀ ਰਹਿਣਾਂ ਹੈ। ਜੂਨ ਚੌਰਾਸੀ ਤੋਂ ਲੈਕੇ ਹੁਣ ਤੱਕ ਖਾਲਸਾ ਪੰਥ ਦੀ ਨੀਅਤ ਮੰਜਿਲ ਦੀ ਪ੍ਰਾਪਤੀ ਨੂੰ ਮੁਖ ਰੱਖ ਕੇ ਜਿਸ ਵਲੋਂ ਹੁਣ ਤੱਕ ਅਡੋਲ ਚੱਲਿਆ ਗਿਆ, ਉਸ ਧਿਰ ਦੀ 26 ਫਰਵਰੀ ਨੂੰ ਸੱਦੇ ਵਿਸ਼ਵ ਸਿਖ ਸੰਮੇਲਨ ਵਿਚ ਸ਼ਮੂਲੀਅਤ ਅਤੀ ਜਰੂਰੀ ਬਣਦੀ ਹੈ ਅਤੇ ਫਿਰ ਇਕ ਮੁਠ ਹੋਕੇ ਦਿੱਲੀ ਤਖਤ ਨੂੰ ਅਤੇ ਸੰਸਾਰ ਨੂੰ ਉਚੀ ਨਿਰਭੈਅ ਦੱਸ ਦੇਣਾ ਕਿ ਖਾਲਸਾ ਪੰਥ ਦੀ ਮੰਜਿਲ ਖਾਲਸੇ ਲਈ ਆਜਾਦ ਦੇਸ਼ ਖਾਲਿਸਤਾਨ ਦੀ ਪ੍ਰਾਪਤੀ ਹੀ ਹੈ ਅਤੇ ਇਸ ਲਈ ਹੀ ਸ਼ਾਂਤਮਈ ਸੰਘਰਸ਼ ਦਾ ਐਲਾਨ ਕਰਦਾ ਹੈ। ਇਹ ਸੰਘਰਸ਼ ਕਿਨਾਂ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਘਰੇਲੂ ਤਾਕਤਾਂ ਖਿਲਾਫ ਹੈ, ਦੀ ਨਿਸ਼ਾਨਦੇਹੀ ਖਾਲਸਾ ਪੰਥ ਦੇ ਇਕ ਜਾਗਰੂਪ, ਸੰਘਰਸ਼ਸ਼ੀਲ, ਨਿਰਸਵਾਰਥੀ ਅਤੇ ਨਿਰਭੈਅ ਹਿਸੇ ਵਲੋਂ, '**ਸਚੁ ਸੁਣਾਇਸੀ ਸਚ ਕੀ ਬੇਲਾ** ' ਦੇ ਗੁਰੂ ਹੁਕਮ ਨੂੰ ਨਿਭਾਦਿਆਂ ਕਰ ਹੀ ਦਿੱਤੀ ਹੈ। ਜਿਸ ਤੋਂ ' ਦੇਸ ਪੰਜਾਬ' ਗੁਰਦਵਾਰਾ ਗੁਰਦਰਸ਼ਨ ਪ੍ਰਕਾਸ਼ ਚੌਕ ਮਹਿਤਾ ਪਹੁੰਚਦਾ ਹੋਣ ਕਰਕੇ ਆਪਜੀ ਜਾਣੂੰ ਹੀ ਹੋ।

ਬਾਕੀ ਧਾਰਮਿਕ ਮਸਲੇ ਪੰਥ ਦੇ ਘਰ ਦੇ ਮਸਲੇ ਹਨ। ਜਿਨਾਂ ਨੂੰ ਜੇ ਚਾਹੇ ਤਾਂ ਖਾਲਸਾ ਪੰਥ ਕਦੇ ਵੀ ਬੈਠਕੇ, ਵਿਚਾਰਕੇ, ਸੁਰਤੀ ਇਕਾਗਰ ਕਰਕੇ ਤੱਥਾਂ ਅਤੇ ਗਰਮਤਿ ਦੀਆਂ ਦਲੀਲ ਦੇ ਸਹਾਰੇ ਹੱਲ ਕਰ ਹੀ ਸਕਦਾ ਹੈ। ਇਸ ਵਿਚ ਬਾਕੀ ਦੁਨੀਆਂ ਕਿਸੇ ਪ੍ਰਕਾਰ ਦੀ ਦਖਲ ਅੰਦਾਜੀ ਦਾ ਹੱਕ ਹੀ ਨਹੀਂ ਰਖਦੀ।

ਹਾਂ ਇਹ ਸੱਚ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੇ ਕਿੰਤੂ ਪ੍ਰੰਤੂ ਹੀ ਨਹੀ ਹੋ ਰਿਹਾ ਸਗੋਂ ਕਈ ਇਸ ਦੇ ਜਾਣੇ ਜਾਂ ਅਣਜਾਣੇ ਆਪਾ ਵਿਰੋਥੀ ਅਰਥ ਵੀ ਕੱਢ ਰਹੇ ਨੇ। ਕਿਤੇ ਇਕ ਨਹੀ ਹੈ ਜਿਥੋਂ ਕੋਈ ਸਿਖ, ਕੋਈ ਇਨਸਾਨ ਸਿਖ ਧਰਮ ਵਾਰੇ ਕੋਈ ਜਾਣਕਾਰੀ ਭਾਵ ਗਿਆਨ ਹਾਸਲ ਕਰ ਸਕੇ ਅਤੇ ਇਸ ਗਿਆਨ ਨੂੰ ਜੀਵਨ ਵਿਚ ਅਮਲੀ ਜਾਮਾ ਪਹਿਨਾਕੇ ਸੰਸਾਰ ਤੇ ਆਪਣੇ ਆਉਣ ਦਾ ਉਦੇਸ਼ ਸਫਲਤਾ ਪੂਰਵਕ ਪੂਰਾ ਕਰਕੇ ਜਾ ਸਕੇ। ਬਹੁਤੇ ਸਿਖ ਮੱਤ ਨੂੰ ਸੰਤ ਮੱਤ ਹੀ ਸਿਧ ਕਰੀ ਜਾਣ ਵਿਚ ਲੱਗੇ ਹੋਏ ਹਨ। ਕਿਉਕਿ ਇਸ ਨਾਲ ਬੱਧਾ ਸਿਪਾਹੀ ਮਾਰਗ ਉਨਾਂ ਲਈ ਕਸ਼ਟ ਉਸਾਰਨੇ ਜੂ ਹੋਇਆ। ਇਨਾਂ ਲਈ ਜਿਵੇਂ 'ਸੁਖੀ ਬਸੈ ਮੋਰੋ ਪਰਿਵਾਰਾ॥ ਸੇਵਕ ਸਿੱਖ ਸਭੈ ਕਰਤਾਰਾ॥' (ਚੌਪਈ ਪਾ:੧੦) ਸੰਕਲਪ, ਇਨਾਂ ਦੇ ਬਜੁਰਗ ਖਾਲਸੇ ਵੱਲੋਂ ਸੱਚ ਸਾਕਾਰ ਕੀਤਾ ਜਾ ਚੁੱਕਾ ਹੋਵੇ ਅਤੇ ਇਨਾਂ ਕੋਲ ਹੁਣ ਭਗਤੀ ਵਿਚ ਇਕਾਗਰ ਹੋਣ ਅਤੇ ਇਸੇ ਦਾ ਪਰਚਾਰ ਹੀ ਕਰ ਸਕਣ ਤੋਂ ਸਿਵਾ, ਹੋਰ ਕੋਈ ਕਾਰਜ ਰਿਹਾ ਹੀ ਨਾ ਹੋਵੇ। ਇਥੇ ਹੀ ਬੱਸ ਨਹੀ। ਅੰਮ੍ਰਿਤ ਦੀ ਮਹੱਤਤਾ, ਮਾਨਸ ਦੀ ਜਾਤ ਇਕ ਮੰਨਣ ਅਤੇ ਬਿਨਾਂ ਰਹਿਤ ਦੇ ਸਿਖ ਨਾ ਪਿਆਰਾ ਹੋਣ ਦੇ ਗੁਰਮਤਿ ਅਸੂਲਾਂ ਨੂੰ ਪਰੇ ਸੁੱਟਕੇ ਹੋ ਰਹੀ ਹੈ। ਨਜਦੀਕੋਂ ਕਿਸੇ ਅਸਿਖ ਦੇ ਲੰਘਣ ਤੇ ਉਸ ਨੂੰ ਪਹਿਲੋਂ ਕਦੇ ਨਾ ਜਾਣੇ ਅਚਰਜ ਸੁੱਖ ਨਾਲ ਕਿਸੇ ਫਰਿਸ਼ਤੇ ਇਨਸਾਨ ਦੇ ਕੋਲੋਂ ਲੰਘੇ ਹੋਣ ਦਾ ਅਨੁਭਵ ਕਰਵਾ ਜਾਣ ਵਾਲਾ ਸਭ ਤੇਜ ਪ੍ਰਤਾਪਾਂ ਦਾ ਮਾਲਕ ਖਾਲਸਾ, ਅਸਿਖ ਦੇ ਨਜ਼ਦੀਕ ਆਉਂਦਾ, ਸਭ ਤੇਜ ਪ੍ਰਤਾਪਾਂ ਤੋਂ ਖਾਲੀ ਹੁੰਦਾ ਪ੍ਰਚਾਰਿਆ ਜਾ ਰਿਹਾ ਹੈ। ਇਨਾਂ ਨੂੰ ਕਿਸੇ ਅਸਿਖ ਵਿਚੋਂ ਇਕੋ ਰੱਬ

ਦਾ ਅਨੁਭਵ ਤਾਂ ਕੀ ਹੋਣਾਂ, ਇਹ ਅਨੁਭਵ ਅਪਣੇ ਸਿਖ ਭਾਈ ਤੋਂ ਹੋਣਾਂ ਵੀ ਖਤਮ ਹੋ ਗਿਆ ਜਾਪਦਾ ਹੈ। ਸਿਖ ਵੱਲੋਂ ਅਸਿਖ ਹੱਥੋਂ ਲੈਂਦਿਆਂ ਕਰਦਿਆਂ ਰਹਿਣੀ ਦਾ ਖਿਆਲ ਤਾਂ ਸਹੀ, ਪਰ ਸਿਖ ਸਿਖ ਹੱਥੋਂ ਭਿਟ ਹੋ ਜਾਣ ਦਾ ਭਰਮ ਪਾਲ ਰਿਹਾ ਹੈ। ਪਟਰੋਲ ਪੰਪ ਤੋਂ ਖ੍ਰੀਦੀ ਪਾਣੀ ਦੀ ਬੋਤਲ ਨੂੰ ਉਸੇ ਪਟਰੋਲ ਪੰਪ ਦੀ ਟੂਟੀ ਤੋਂ ਧੋਕੇ ਪੀਣ ਲਈ ਪਵਿਤ੍ਰ ਹੋ ਗਈ, ਸਮਝ ਰਿਹਾ ਹੈ। ਗੁਰਬਾਣੀ ਦੇ ਫਰਮਾਨ ਨੂੰ ਅਣਗੋਲਿਆ ਕਰਕੇ: ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥ ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥(ਪੰਨਾ 473)

ਸਿਖ ਧਰਮ ਕਹਿ ਲਓ, ਗੁਰਮਤਿ ਕਹਿ ਲਓ, ਗੁਰਬਾਣੀ ਕਹਿ ਲਓ ਜੇ ਇਸ ਨੂੰ ਇਕ ਥਿਊਰੀ ਦੇ ਰੂਪ ਵਿਚ ਵੇਖਿਆ ਜਾਵੇ ਤਾਂ ਕੁਝ ਅਜੇਹੀ ਸਾਹਮਣੇ ਆਉਂਦੀ ਹੈ: ਆਕਾਲ ਪੁਰਖ ਦੀ ਬੁਧ ਦਾ ਪ੍ਰਕਾਸ਼= ਸਿਖ ਮੱਤ= ਸੰਤ ਮਾਰਗ ਕਹਿ ਲਓ, ਭਗਤੀ ਮਾਰਗ ਕਹਿ ਲਓ+ਸਿਪਾਹੀ ਮਾਰਗ ਕਹਿ ਲਓ, ਸ਼ਕਤੀ ਮਾਰਗ ਕਹਿ ਲਓ=ਸਿਖੀ ਜੀਵਨ=ਇਸ ਨੂੰ ਪੂਰਣ ਰੂਪ ਵਿਚ ਅਮਲੀਂ ਜੀਉਣ ਵਾਲਾ ਅਕਾਲ ਪੁਰਖ ਵੱਲੋਂ ਪ੍ਰਗਟਾਇਆ ਆਪਣੇ ਹੁਕਮ ਅਤੇ ਰਜਾ ਦਾ ਇਨਸਾਨ ਸਿਖ, ਸਿੰਘ, ਖਾਲਸਾ, ਬ੍ਰਹਮਗਿਆਨੀ। ਪਰ ਇਹ ਭੁਲਾਇਆ ਜਾ ਰਿਹਾ ਹੈ ਕਿ ਗੁਰਮਤਿ ਨੇ ਸਿਖ ਮੱਤ=ਭਗਤੀ ਮਾਰਗ+ਸ਼ਕਤੀ ਮਾਰਗ ਵਿਚੋਂ ਸ਼ਕਤੀ ਮਾਰਗ ਨੂੰ ਹੀ ਪਹਿਲ ਦੇਕੇ ਵੱਧ ਮਾਣ ਅਤੇ ਸਤਿਕਾਰ ਨਾਲ ਨਿਵਾਜਿਆ ਹੈ:

ਧੰਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿ ਨਾਮਾ ਹਰਿ ਮੁਖਿ ਕਹਤਿਆ ॥ ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ ॥ ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥ ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰਸਿਖ ਲੈ ਮਨੁ ਜਿਣਤਿਆ ॥ ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ ॥(ਪੰਨਾ 649)

ਇਥੋ ਤੱਕ ਕਿ ਨਾਮ ਸਿਖ ਵਿਸ਼ਵ ਵਿਦਿਆਲੇ, ਯੂਨੀਵਰਸਟੀ ਜਹੇ ਕਿਡੇ ਸੋਹਣੇ ਅਤੇ ਵੱਡੇ ਪਰ ਇਸ ਦੇ ਚਾਲਕ ਜਾਂ ਸਿਖਿਆ ਦੇਣ ਵਾਲੇ ਵੀ ਡਰ ਜਾਂਦੇ ਨੇ, ਇਕਰਾਰ ਕਰਕੇ ਨਕਲੀ ਬਹਾਨਿਆਂ ਨਾਲ ਭੱਜ ਜਾਂਦੇ ਨੇ ਜੇ ਉਨਾਂ ਕੋਲ ਕੋਈ ਅਜਿਹਾ ਦਸਤਾਵੇਜ ਅਨੁਵਾਦ ਕਰਨ ਲਈ ਆ ਜਾਵੇ ਜਿਸ ਵਿਚੋਂ ਸਿਪਾਹੀ ਤੱਤ ਦਾ ਝਲਕਾਰਾ ਪੈਂਦਾ ਹੋਵੇ। ਚਲੋ ਇਹ ਤੇ ਬੜੀ ਛੋਟੀ। ਸਿਖ ਵੀ ਕਹਾਉਂਦੇ ਨੇ। ਪਰ ਆਪਣੀਆਂ ਅਖਬਾਰਾਂ ਵਿਚ ਮਾਇਆ ਲਈ ਧਾਗੇ ਤਵੀਤਾਂ, ਟੂਣੇ ਮਟਾਣੇ, ਕਾਲੇ ਇਲਮ ਅਤੇ ਮਾਸ ਸ਼ਰਾਬ ਦਾ ਪ੍ਰਚਾਰ ਵੀ ਕਰ ਰਹੇ ਨੇ। ਸਿਖ ਵੀ, ਪਰ ਆਪਣੇ ਧੀਆਂ ਪੁੱਤਾਂ ਲਈ ਜੀਵਨ ਸਾਥੀ ਲੱਭਦੇ ਇਸ਼ਤਿਹਾਰਾਂ ਵਿਚ ਸ਼ਰੇਆਮ ਲਿਖ ਰਹੇ ਨੇ ਕਿ ਜੱਟ, ਮਜਹਬੀ, ਲਬਾਣੇ, ਤਰਖਾਣੇ, ਰਮਦਾਸੀਏ ਆਦਿ ਸਿਖ ਲੜਕੇ ਜਾਂ ਲੜਕੀ ਲਈ। ਸਿਖ ਵੀ ਕਹਾਉਂਦੇ ਨੇ। ਪਰ ਸ਼ਰਾਬ ਦੀਆਂ ਫੈਕਟਰੀਆਂ ਦੇ ਮਾਲਕ ਵੀ। ਸਿਰਾਂ ਤੇ ਪੋਚੀਆਂ ਦਸਤਾਰਾਂ ਨੇ, ਸਿਰੋਂ ਕੇਸਾਧਾਰੀ ਵੀ ਜਾਪਦੇ ਨੇ ਤਾਂ ਨਾਮ ਵੀ ਸਿੰਘ ਹੀ ਹੋਣਗੇ। ਪਰ ਚੇਹਰਿਆਂ ਤੇ ਭਿੰਨ ਭਿੰਨ ਅਤਿ ਮੌਡਰਨ ਹਜਾਮਤਾਂ ਦੇ ਨਮੂੰਨੇ ਨੇ। ਕੌਣ ਰੋਕਦਾ ਹੈ ਘਰ ਦੀ ਸਫਾਈ ਲਈ ਕੂੜ ਅਤੇ ਕੂੜੇ ਨੂੰ ਹੂੰਜਕੇ ਬਾਹਰ ਸੁਟਣੋਂ?

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੇ ਕਿੰਤੂ ਪ੍ਰੰਤੂ ਕਰਨ ਤੋਂ ਰੋਕਣ ਲਈ ਨਿਕਲਣ ਤੋਂ ਪਹਿਲੇ ਸਾਨੂੰ ਆਪਣੇ ਗਿਰਵਾਨ ਵਿਚ ਭਾਵ ਆਪਣੇ ਵਲੋਂ ਰਚੇ ਸਾਹਿਤ ਉਤੇ ਨਜ਼ਰ ਮਾਰ ਲੈਣੀ ਬਣਦੀ ਹੈ ਕਿ ਕਿਤੇ ਜਾਣੇ ਅਣਜਾਣੇ ਸਾਡੇ ਕੋਲੋਂ, ਜਿਨਾਂ ਗੁਰੂਆਂ ਦੁਆਰਾ ਇਹ ਧੁਰ ਕੀ ਬਾਣੀ ਰਚਤ ਹੋਈ, ਉਨਾਂ ਦੇ ਪੂਰਣ ਕਿਰਦਾਰ ਉਤੇ ਨੁਕਤਾਚੀਨੀ, ਕਿੰਤੂ ਪ੍ਰੰਤੂ ਤਾਂ ਨਹੀਂ ਹੋ ਗਈ?

1987 ਵਿਚ ਦਾਸ ਦੀ ਸ਼ਾਦੀ ਜਰਮਨ ਮੂਲ ਜੀਵਨ ਸਾਥੀ ਈਵਾ ਨਾਲ ਹੋਣ ਮਗਰੋਂ ਸੰਤਾਨ ਵਾਰੇ ਵਿਚਾਰ ਕਰਦਿਆਂ ਮਾਇਆ ਦੀਆਂ ਗਿਣਤੀਆਂ ਮਿਣਤੀਆਂ ਸ਼ੁਰੂ ਹੋਈਆਂ। ਇਹ ਹੀ ਨਜ਼ਰ ਆਇਆ ਕਿ ਆਰਥਕ ਪੱਖੋਂ ਜੇ ਹੌਸਲਾ ਕੀਤਾ ਜਾ ਸਕਦਾ ਹੈ ਤਾਂ ਸਿਰਫ ਇਕ ਬੱਚੇ ਦਾ। ਜਿਸ ਦੀ ਪ੍ਰਵਰਸ਼ ਲਈ ਘੱਟ ਤਨਖਾਹ ਹੋਣ ਕਰਕੇ ਦਾਸ ਨੂੰ ਘਰ ਰਹਿਣਾਂ ਪਵੇਗਾ। ਸੋ ਇਕ ਬੱਚੇ ਦੀ ਸੰਤਾਨ ਲਈ ਦੋ ਢਾਈ ਸਾਲ ਦੇ ਇੰਤਜ਼ਾਰ ਦਾ ਫੈਸਲਾ ਕਰ ਲਿਆ ਗਿਆ। ਪਰ ਸਿਰਜਣਹਾਰ ਹਾਰ ਨੂੰ ਸਾਡੇ ਲਈ ਆਪਣਾ ਹੋਰ ਫੈਸਲਾ ਹੀ ਮਨਜੂਰ ਸੀ। ਦੋ ਢਾਈ ਸਾਲ ਦਾ ਸਮਾਂ ਅਜੇ ਨੇੜੇ ਤੇੜੇ ਵੀ ਨਹੀਂ ਸੀ ਕਿ ਅਚਾਨਕ ਈਵਾ ਦੀ ਆਮ ਡਾਕਟਰੀ ਚੈਕ ਵੇਲੇ ਇਕ ਲਾਇਲਾਜ ਬੀਮਾਰੀ ਸਾਹਮਣੇ ਆਈ। ਇਸ ਨੂੰ ਸ਼ੁਰੂਆਤ ਵਿਚ ਖਤਮ ਕਰ ਦੇਣ ਲਈ ਈਵਾ ਦਾ ਉਪਰੇਸ਼ਨ ਹੋਇਆ। ਜਿਸ ਦਾ ਸਿੱਟਾ ਸੀ ਕਿ ਉਹ ਹੁਣ ਮਾਂ ਨਹੀ ਬਣ ਸਕਦੀ ਸੀ। ਸੋ ਇਹ ਸੀ ਸਾਡੇ ਲਈ ਸੰਤਾਨ ਨਾ ਹੋਣ ਦਾ ਰੱਬ ਵਲੋਂ ਕਰ ਦਿੱਤਾ ਫੈਸਲਾ, ਉਸ ਦਾ ਭਾਣਾਂ। ਸੋ ਮੇਰੇ ਰੱਬ ਵਲੋਂ ਹੀ ਕਰ ਦਿਤੇ ਗਏ ਫੈਸਲੇ ਮਗਰੋਂ ਸੰਤਾਨ ਦੀ ਖਿਆਲੀਂ ਤਮੰਨਾਂ ਕਰ ਜਾਣੀ ਵੀ ਗੁਰੂ ਹੁਕਮਾਂ ਦੀ ਅਵੱਗਿਆ ਸੀ।

ਇਕ ਮਿਲਣੀ ਉਤੇ ਮੇਰੇ ਸਕੇ ਮਾਸੀ ਜੀ ਮੈਨੂੰ ਕਹਿੰਦੇ ਨੇ ਕਿ ਪੁਤ ਚਲੋ ਈਵਾ ਤਾਂ ਮਾਂ ਨਹੀ ਬਣ ਸਕਦੀ। ਤੂੰ ਜੇ ਹੋਰ ਨਹੀ ਤਾਂ ਇਸ ਦੀ ਮਰਜੀ ਨਾਲ ਸੰਤਾਨ ਖਾਤਰ ਇਕ ਹੋਰ ਵਿਆਹ ਕਰਵਾ ਲੈ। ਮੈ ਕਿਹਾ ਮਾਸੀ ਜੀ ਇਹ ਤਾਂ ਹੋ ਨਹੀ ਸਕਦਾ।

ਕਹਿੰਦੇ ਕਿ ਕਿਉਂ ਨਹੀ ਹੋ ਸਕਦਾ? ਅਤੇ ਨਾਲ ਹੀ ਕਿ ਗੁਰੂ ਗੋਬਿੰਦ ਸਿੰਘ ਜੀ ਵਲੋਂ ਵੀ ਤਾਂ ਵੱਧ ਵਿਆਹ ਕਰਵਾਏ ਹੋਏ ਹੀ ਸਨ, ਕਹਿ ਗਏ। ਸਾਰੇ ਹੀ ਸਰੀਰ ਵਿਚ ਜਿਵੇਂ ਇਕ ਅਤਿ ਦੁਖਦਾਈ ਝਰਨਾਟਾ ਫਿਰ ਗਿਆ ਹੋਵੇ ਅਤੇ ਪੁੱਛਿਆ ਕਿ ਮਾਸੀ ਜੀ ਤੁਹਾਨੂੰ ਇਹ ਕੋਣ ਕਹਿੰਦਾ ਹੈ? ਕਹਿੰਦੇ ਕਿ ਪੁੱਤਰ ਵੇਖ ਦਮਦਮੀ ਟਕਸਾਲ ਦੀਆਂ ਕਿਤਾਬਾਂ। ਇਹ ਸੁਣਕੇ ਮੇਰੇ ਮੂਹੋਂ ਨਿਕਲਿਆ ਕਿ ਮਾਸੀ ਜੀ ਮੇਰੀ ਆਤਮਾ ਇਹ ਮੰਨਣ ਲਈ ਕਦਾਚਿਤ ਤਿਆਰ ਨਹੀ ਕਿ ਮੇਰੇ ਦਸ਼ਮੇਸ਼ ਪਿਤਾ ਵੱਲੋਂ ਇਕ ਤੋਂ ਵੱਧ ਵਿਆਹ ਕਰਵਾਏ ਹੋਣ। ਇਹ ਵੱਧ ਵਿਆਹਾਂ ਦੀ ਨਕਲੀ ਕਹਾਣੀ, ਮੇਰੇ ਕਹਿਣੀ ਅਤੇ ਕਰਨੀ ਦੇ ਪੂਰੇ ਗੁਰੂ ਦੇ ਨਾਮ ਨਾਲ ਜੋੜ ਕੇ, ਉਨਾਂ ਦੀ ਪੂਰਨ ਗਰੂ ਸਖਸ਼ੀਅਤ ਨੂੰ ਅਪੂਰਣ ਦਰਸਾਉਣ ਲਈ ਕਿਸੇ ਚਾਨਕੀਏ ਬਿਪਰਨ ਵੱਲੋਂ ਕੀਤੀ ਹੋਈ ਅਤਿ ਘਿਨਾਉਣੀ ਕਾਰਸ਼ਤਾਨੀ ਹੈ।

ਅਜੇ ਕੱਲ ਦੀ ਹੀ ਗੱਲ ਹੈ ਕਿ ਇਕ ਤਖਤ ਦਾ ਜਥੇਦਾਰ, ਇਕ ਸੁਣਵਾਈ ਸਮੇਂ ਵੀ ਇਹ ਹੀ ਚਿਤਾਰ ਗਿਆ ਕਿ ਗੁਰੂਆਂ ਨੇ ਵੀ ਤਾਂ ਇਕ ਤੋਂ ਵੱਧ ਵਿਆਹ ਜਾਂ ਇਕ ਤੋਂ ਵੱਧ ਮਹਲ ਰੱਖੇ ਹੋਏ ਹੀ ਸਨ। ਹੁਣ ਤੇ ਆਪਣੇ ਆਪਨੂੰ ਵੱਡੇ ਸੰਤ ਮਹਾਤਮਾਂ, ਸਿਖੀ ਦੇ ਸੇਵਾਦਾਰ ਕਹਾਂਦਿਆਂ ਦੇ, ਘਰ ਦੀ ਨਾਰ ਹੁੰਦਿਆਂ ਪਰਾਈਆਂ ਔਰਤਾਂ ਨਾਲ ਸਬੰਧਾਂ ਦੇ ਕਿੱਸੇ ਸਾਹਮਣੇ ਆ ਰਹੇ ਨੇ। ਇਸ ਦਾ ਕਾਰਣ ਕਿ ਸਿਖ ਕਿਰਦਾਰ ਅਤੇ ਸਿਖ ਵਿਰਸੇ ਦੀ ਸੇਵਾ ਸੰਭਾਲ ਲਈ ਸਿਖਰ ਦੀ ਜ਼ਿਮੇਵਾਰ ਸੰਸਥਾ ਦਮਦਮੀ ਟਕਸਾਲ ਆਪਣੇ ਪੂਰਨ ਧਰਮ ਨੂੰ ਅਪੂਰਨ ਦਰਸਾਉਣ ਲਈ ਕਹਿਣੀ ਅਰਤੇ ਕਰਨੀ ਦੇ ਪੂਰੇ ਤਿੰਨ ਗੁਰੂਆਂ ਨੂੰ ਆਪਣੀਆਂ ਕਿਤਾਬਾ ਵਿਚ ਵੱਧ ਵਿਆਹਾਂ ਨਾਲ ਜਾਂ ਇਕ ਵਿਆਹ ਨਾਲ ਇਕ ਤੋਂ ਵੱਧ ਮਹਲਾਂ ਦਾ ਨਿਘ ਮਾਣ ਚੁੱਕੇ ਲਿਖ ਰਹੀ ਹੈ, ਪਰਚਾਰ ਰਹੀ ਹੈ ਅਤੇ ਇਸੇ ਧਾਰਨਾ ਨੂੰ ਬੜੇ ਮਾਣ ਨਾਲ ਚੰਗਾ ਜਾਣਦੀ ਡਿਫੈਂਸ ਵੀ ਕਰ ਰਹੀ ਹੈ।

ਜਿਵੇਂ ਇਹ ਆਤਮਾ ਟਕਸਾਲ ਦੇ 21 ਸਾਲਾਂ ਤੱਕ ਬਿਨਾਂ ਗੁਰਮਤਿ ਦੀ ਕਿਸੇ ਉਤਮ ਦਲੀਲ ਦਿਤਿਆਂ, ਕੀਤੇ ਜਾਂਦੇ ਰਹੇ ਪ੍ਰਚਾਰ ਕਿ ਸੰਤ ਜਰਨੈਲ ਸਿੰਘ ਜੀ ਖਾਲਸਾ ਚੜ੍ਹਦੀ ਕਲਾ ਵਿਚ ਹਨ ਅਤੇ ਪਰਗਟ ਹੋਕੇ ਸੰਘਰਸ਼ ਦੀ ਅਗਵਾਈ ਕਰਨਗੇ, ਨੂੰ ਮੰਨਣ ਲਈ ਤਿਆਰ ਨਹੀ ਸੀ ਇਸੇ ਤਰਾਂ ਹੀ ਇਹ ਆਤਮਾ ਦਮਦਮੀ ਟਕਸਾਲ ਵਲੋਂ 'ਗੁਰਬਾਣੀ ਪਾਠ ਦਰਪਣ' ਨਾ ਦੀ ਪੁਸਤਕ ਵਿਚ ਮੇਰੇ ਤਿੰਨ ਗੁਰੂਆਂ ਦੇ ਵਿਆਹਾ ਵਾਰੇ ਇਹ ਲਿਖਿਆ ਹੋਇਆ ਭਾਵ, ਭਵਿਖ ਵਿਚ ਵੀ ਗੁਰਮਤਿ ਦੀ ਬਿਨਾਂ ਕਿਸੇ ਉਤਮ ਦਲੀਲ ਮਿਲਿਆਂ, ਮੰਣਣ ਲਈ ਤਿਆਰ ਨਹੀਂ ਹੈ:

**ਛੇਵੀਂ ਪਾਤਸ਼ਾਹੀ** ਮਹਲ-ਮਾਤਾ ਦਮੋਦਰੀ ਜੀ ਡੱਲੇ ਤੋਂ ਸੁਲਤਾਨ ਪੁਰ ਨੇੜੇ, ਭਾਈ ਪਾਰੋ ਜੀ ਦੀ ਪੋਤਰੀ। ਗੁਰੂ ਜੀ ਦੇ ਸੋਹਰਾ ਨਰੈਣ ਦਾਸ ਜੀ, ਸੱਸ ਦਇਆ ਕੌਰ ਜੀ। ਮਾਤਾ ਨਾਨਕੀ ਜੀ ਬਾਬੇ ਬਕਾਲੇ ਤੋਂ, ਮਾਤਾ ਮਰਵਾਹੀ ਜੀ (ਮਹਾਂਦੇਵੀ ਜੀ) ਮੰਡਿਆਲੀ ਤੋਂ, ਗੁਰੂ ਜੀ ਦੇ ਸਹੁਰਾ ਦੁਆਰਾ ਜੀ, ਸੱਸ ਭਾਗਨ ਜੀ। ਅਤੇ ਤਿੰਨੋਂ ਹੀ ਮਹਲਾਂ ਦੀ ਕੁਖੋ ਸੰਤਾਨ।

**ਸੱਤਵੀਂ ਪਾਤਸ਼ਾਹੀ** ਮਹਲ- (੧) ਮਾਤਾ ਕ੍ਰਿਸ਼ਨ ਕੌਰ ਜੀ, (੨) ਚੰਦ ਕੌਰ ਜੀ, (੩) ਰਾਮ ਕੌਰ ਜੀ, (੪) ਕੋਟ ਕਲਿਆਣੀ ਜੀ, (੫) ਤੋਖੀ ਜੀ, (੬) ਅਣੋਖੀ ਜੀ, (੭) ਲਾਡੋ ਜੀ (੮) ਪ੍ਰੇਮ ਕੌਰ ਜੀ। ਸੁਹਰਾ ਰਾਜਾ ਰਾਮ ਜੀ।

ਅਤੇ ਦੋ ਮਹਲਾਂ ਕੁਖੋਂ ਸੰਤਾਨ।

**ਦਸਵੀਂ ਪਾਤਸ਼ਾਹੀ** ਮਹਲ-ਮਾਤਾ ਅਜੀਤ ਕੌਰ ਜੀ, ਪਿਤਾ ਦਾ ਨਾਮ ਹਰਜਸ ਜੀ। ਮਾਤਾ ਸੁੰਦਰ ਕੋਰ ਜੀ, ਮਾਤਾ ਜੀ ਦੇ ਪੇਕੇ ਪਿੰਡ ਬਜਵਾੜਾ, ਜਿਲਾ ਹੁਸ਼ਿਆਰਪੁਰ। ਖਾਲਸੇ ਦੀ ਮਾਤਾ ਸਾਹਿਬ ਕੌਰ ਜੀ ਅਤੇ ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਮਾਤਾ ਅਜੀਤ ਕੌਰ ਜੀ ਦੇ ਅਤੇ ਬਾਬਾ ਅਜੀਤ ਸਿੰਘ ਜੀ ਮਾਤਾ ਸੁੰਦਰ ਕੌਰ ਜੀ ਦੇ ਸਪੁਤਰ।

ਇਹ ਉਪ੍ਰੋਕਤ ਲਿਖਿਆ ਆਤਮਾਂ ਨੂੰ ਇਸ ਲਈ ਮਨਜੂਰ ਨਹੀ ਕਿਉਕਿ ਗੁਰਬਾਣੀ ਜਾਂ ਗੁਰੂ ਇਤਿਹਾਸ ਵਿਚੋਂ ਕੋਈ ਅਜਿਹੀ ਦਲੀਲ ਨਹੀਂ ਮਿਲਦੀ ਜਿਸ ਨੂੰ ਅਧਾਰ ਬਣਾਕੇ, ਦਸਾਂ ਗੁਰੂਆਂ ਵਿਚੋਂ ਤਿੰਨ ਗੁਰੂਆਂ ਵੱਲੋਂ ਇਕ ਤੋਂ ਵੱਧ ਵਿਆਹਾਂ ਨਾਲ ਜਾਂ ਇਕ ਵਿਆਹ ਨਾਲ ਇਕ ਤੋਂ ਵੱਧ ਮਹਲ ਕਰ ਲਏ ਹੋਣ ਅਤੇ ਵੱਖ ਵੱਖ ਮਹਲਾਂ ਤੋਂ ਸੰਤਾਨ ਪੈਦਾ ਕੀਤੀ ਹੋਵੇ, ਸੱਚ ਮੰਨ ਲਿਆ ਜਾਵੇ। ਸਗੋਂ ਗੁਰਬਾਣੀ, ਗੁਰੂ ਇਤਿਹਾਸ ਅਤੇ ਸਿਖ ਇਤਿਹਾਸ ਵਿਚ ਕਈ ਉਤਮ ਦਲੀਲਾਂ ਹਨ ਜਿਨਾਂ ਦੇ ਸਾਹਮਣੇ ਹੁੰਦਿਆਂ, ਆਤਮਾਂ ਇਹ ਹੀ ਕੁਰਲਾਂਦੀ ਦੁਹਰਾਂਦੀ ਰਹੇਗੀ ਕਿ ਕਦੇ ਹੋ ਹੀ ਨਹੀਂ ਸਕਦਾ ਕਿ ਪੂਰਨ ਧਰਮ ਸਿਖ ਮੱਤ ਨੂੰ ਪ੍ਰਗਟ ਕਰਨ ਲਈ ਅਕਾਲ ਪੁਰਖ ਵਲੋਂ ਸਥਾਪਤ ਜ਼ਿਮੇਵਾਰ ਪੂਰਨ ਗੁਰੂ ਸਖਸ਼ੀਅਤਾਂ ਵਿਚੋਂ ਕਿਸੇ ਇਕ ਵੱਲੋਂ ਵੀ ਇਕ ਤੋਂ ਵੱਧ ਮਹਲਾਂ ਨਾਲ ਆਪਣੇ ਆਪਨੂੰ ਅਪੂਰਣ ਕ੍ਰਿਦਾਰ ਕਰ ਲਿਆ ਹੋਵੇ।

ਇਥੇ ਕੁਝ ਇਕ ਦਲੀਲਾਂ ਜਿਨਾਂ ਤੋਂ ਦਮਦਮੀ ਟਕਸਾਲ ਦਾ ਜਾਣੂ ਹੋਣਾਂ ਬਣਦਾ ਸੀ, ਦਰਜ ਕੀਤੀਆਂ ਜਾ ਰਹੀਆਂ ਹਨ ਜਿਨਾਂ ਕਰਕੇ ਇਹ ਆਤਮਾਂ, ਇਹ ਸੱਚ ਮੰਣਣ ਲਈ ਤਿਆਰ ਨਹੀਂ ਕਿ ਕਿਸੇ ਗੁਰੂ ਦੇ ਇਕ ਤੋਂ ਵੱਧ ਮਹਲ ਹੋਣ:

**1)** ਅਕਾਲ ਪੁਰਖ ਦੀ ਮੱਤ ਦੇ ਸੱਚ ਪ੍ਰਕਾਸ਼, ਸਿਖ ਮੱਤ ਨੂੰ ਪ੍ਰਗਟ ਕਰਕੇ ਸੰਪੂਰਨ ਕਰਨ ਵਾਲੇ ਪੂਰਨ ਗੁਰੂਆਂ ਦੀ ਪਵਿੱਤ੍ਰ ਬੰਸਾਵਲੀ ਵਿਚ, ਉਨਾਂ ਦੇ ਗ੍ਰਹਿਸਤ ਜੀਵਨ ਦੀ ਕੁਝ ਸ਼ਬਦਾਂ ਵਿਚ ਬਖਿਆਨੀ, ਸਿਖ ਵਿਰਸੇ ਦੀ ਸੇਵਾ ਸੰਭਾਲ ਲਈ ਜ਼ਿਮੇਵਾਰ ਟਕਸਾਲ ਵੱਲੋਂ, ਬ੍ਰਹਮ ਗਿਆਨੀ ਨਜ਼ਰਾਂ ਦੀ ਘੋਖ ਮਗਰੋਂ, ਕਿਸੇ ਤਰਤੀਬ ਵਿਚ, ਜਿੰਨੀ ਵੀ ਹੁੰਦੀ ਪਰ ਪੂਰਨ ਹੁੰਦੀ। ਪੰਜ ਨਹੀ ਤਾਂ ਜਰੂਰੀ ਚਾਰ ਤੱਥਾਂ ਦਾ ਸਚ, ਦਸਾਂ ਗੁਰੂਆਂ ਦੇ ਗ੍ਰਹਿਸਤ ਜੀਵਨ ਦੀ ਬਿਖਿਆਨੀ ਲਈ ਬਰਾਬਰ ਹੁੰਦਾ। ਜਰੂਰੀ ਚਾਰ ਤੱਥ ਇਹ ਹਨ: **ਇਕ** -ਮਹਲ ਦਾ ਨਾਮ, **ਦੂਜਾ** -ਪਿੰਡ, **ਤੀਜੇ** -ਮਾ ਬਾਪ ਦਾ ਨਾਮ, **ਚੌਥੇ** -ਵਿਆਹ ਕਿਸ ਤਰੀਖ ਮਹੀਨੇ ਅਤੇ ਸੰਮਤ ਵਿਚ ਹੋਇਆ? **ਪੰਜਵਾਂ** -ਇਸ ਵਿਆਹ ਦੇ ਜੇ ਹੁਣ ਤੱਕ ਇਤਿਹਾਸਕ ਨਿਸ਼ਾਨ ਹੋਵਣ। ਜਿਵੇਂ ਪਹਿਲੀ ਪਾਤਸ਼ਾਹੀ ਦੇ ਵਿਆਹ ਦੇ ਨਿਸ਼ਾਨ ਕੰਧ ਉਤੇ ਬਣੇ ਗੁਰਦਵਾਰੇ ਦਾ ਜ਼ਿਕਰ ਹੋਇਆ ਹੈ। ਪਰ ਜੇ ਪਹਿਲੇ ਗੁਰੂ ਦੇ ਵਿਆਹ ਦੇ ਇਤਿਹਾਸਕ ਨਿਸ਼ਾਨ ਜਿਕਰ ਕਰਨੇ ਨੇ ਤਾਂ ਬਾਕੀ ਵੀ ਗੁਰੂਆਂ ਦੇ ਵਿਆਹ ਦੇ ਇਤਿਹਾਸਕ ਨਿਸ਼ਾਨਾਂ ਦਾ ਬਿਆਨ ਕਰਨਾਂ, ਜੇ ਇਕ ਗੁਰੂ ਦੇ ਮਹਲ ਦਾ ਗੋਤ ਜ਼ਿਕਰ ਤਾਂ ਬਾਕੀ ਗੁਰੂਆਂ ਦੇ ਮਹੱਲਾਂ ਦੇ ਗੋਤਾਂ ਦਾ ਵੀ ਜ਼ਿਕਰ ਕਰਨਾਂ, ਜੇ ਇਕ ਗੁਰੂ ਦੇ ਮਹਲ ਦੀ ਦਾਦੀ, ਦਾਦੇ ਜਾਂ ਪੜਦਾਦੇ ਦਾ ਨਾਮ ਤਾਂ ਬਾਕੀ ਗੁਰੂਆਂ ਦੇ ਮਹਲਾਂ ਦੇ ਦਾਦੀ, ਦਾਦੇ ਜਾਂ ਪੜਦਾਦੇ ਵੀ ਹੋਣਗੇ, ਉਨਾਂ ਦੇ ਨਾਮ ਵੀ ਜ਼ਿਕਰ ਕਰਨੇ, ਕੁਝ ਸ਼ਬਦਾਂ ਵਿਚ ਪੂਰਣ ਜਾਣਕਾਰੀ ਕਹਿ ਸਕਦੇ ਹਾਂ, ਲੈ ਸਕਦੇ ਹਾਂ, ਕਿਸੇ ਜਗਿਆਸੂ ਨੂੰ ਅੱਗੇ ਦੇ ਸਕਦੇ ਹਾਂ। ਪਰ ਜਿਥੇ ਗੁਰੂ ਦੇ ਇਕ ਤੋਂ ਵੱਧ ਵਿਆਹਾਂ ਜਾਂ ਮਹਲਾਂ ਦਾ ਜ਼ਿਕਰ ਹੈ ਉਥੇ ਨਾਲ ਕੁਝ ਸ਼ਬਦਾਂ ਵਿਚ ਇਹ ਜਿਕਰ ਵੀ ਕਰ ਦਿੰਦੇ ਕਿ ਗ੍ਰਹਿਸਤ ਜੀਵਨ ਅਤੇ ਇਸ ਗ੍ਰਹਿਸਤ ਜੀਵਨ ਵਿਚ ਇਕ ਮਰਦ ਅਤੇ ਇਕ ਔਰਤ ਦੇ ਵਿਆਹ ਰਿਸ਼ਤੇ ਦੀ ਵਕਾਲਤ ਕਰਦੇ ਸਿਖ ਧਰਮ ਨੂੰ ਸਿਰਜਣ ਵਾਲੇ ਗੁਰੂਆਂ ਨੇ ਖੁਦ ਇਕ ਤੋਂ ਵੱਧ ਵਿਆਹ ਕਿਉਂ ਕਰਵਾਏ ਜਾਂ ਕਿਉਂ ਘਰ ਇਕ ਤੋਂ ਵੱਧ ਮਹਲ ਰੱਖੇ? ਕੀ ਸੰਤਾਨ ਕਰਕੇ, ਕੀ ਇਕ ਨਾਲ ਨਾ ਬਣੀ ਉਤੇ ਛੱਡ ਛਡਾਈ ਹੋ ਜਾਣ ਕਰਕੇ ਜਾਂ ਉਦੋਂ ਰੱਜੇ ਪੁਜੇ ਰਾਜੇ ਮਹਾਰਾਜੇ ਮੁਸਲਮਾਨਾਂ ਦੀ ਤਰਜ ਉਤੇ ਵੱਧ ਮਹੱਲਾਂ ਨੂੰ ਮਾਨਣ ਦੇ ਪੈ ਗਏ ਸ਼ੌਕ ਖਾਤਰ? ਇਸ ਜਾਣਕਾਰੀ ਦੇ ਇਕ ਸਫੇ ਨਾਲ 696 ਸਫੇ ਦਾ ਦਮਦਮੀ ਟਕਸਾਲ ਦਾ 'ਗੁਰਬਾਣੀ ਪਾਠ ਦਰਪਣ' ਹੋਰ ਬਹੁਤਾ ਭਾਰਾ ਨਹੀਂ ਸੀ ਹੋਣ ਲੱਗਾ।

ਦਸਾਂ ਗੁਰੂਆਂ ਦੀ ਪਵਿੱਤ੍ਰ ਬੰਸਾਵਲੀ ਅਧੀਨ, ਪਹਿਲੇ ਗੁਰੂ ਦੇ ਮਹਲ ਦੇ ਮਾਂ ਬਾਪ ਦੇ ਨਾਮਾਂ ਦਾ ਜ਼ਿਕਰ ਨਹੀ। ਇਥੇ ਵਿਆਹ ਦੇ ਇਤਿਹਾਸਕ ਚਿੰਨ ਦਾ ਤਾਂ ਜ਼ਿਕਰ ਹੈ ਪਰ ਬਾਕੀ ਗੁਰੂਆਂ ਦੇ ਵਿਆਹ ਵਾਰੇ ਕਿਸੇ ਇਤਿਹਾਸਿਕ ਚਿੰਨ ਦਾ ਜ਼ਿਕਰ ਨਹੀ ਹੈ। ਦੂਜੀ ਪਾਤਸ਼ਾਹੀ-ਮਹਲ ਵਾਰੇ ਚਾਰੇ ਤੱਥਾਂ ਦੀ ਜਰੂਰੀ ਜਾਣਕਾਰੀ ਹੈ। ਤੀਜੇ ਗੁਰੂ ਮਹਲ ਦੇ ਮਾਂ ਬਾਪ ਦੇ ਨਾਮਾਂ ਦਾ ਜ਼ਿਕਰ ਨਹੀ। ਚੌਥੇ ਗੁਰੂ ਮਹਲ ਦੇ ਮਾਂ ਬਾਪ ਦੇ ਨਾਮ ਅਤੇ ਵਿਆਹ ਦੀ ਤਰੀਖ ਅਤੇ ਮਹੀਨਾਂ ਵੀ ਜ਼ਿਕਰ ਨਹੀ। ਪੰਜਵੇਂ ਗੁਰੂ -ਮਹਲ ਵਾਰੇ ਚਾਰੇ ਤੱਥਾਂ ਦੀ ਜਰੂਰੀ ਜਾਣਕਾਰੀ ਹੈ। ਛੇਵੇ ਗੁਰੂ ਦੇ ਤਿੰਨ ਮਹਲ ਲਿਖੇ ਨੇ। ਦੂਜੇ ਮਹੱਲ ਦਾ ਸਿਰਫ ਨਾਮ ਅਤੇ ਪਿੰਡ ਦਰਜ ਹੈ। ਇਹ ਤਿੰਨੇ ਵਿਆਹ ਗੁਰੂ ਸਾਹਿਬਾਨ ਕਦੋਂ ਕਦੋਂ ਕਰਵਾਏ, ਕੋਈ ਜਿਕਰ ਨਹੀ। ਸਤਵੇ ਗੁਰੂ ਦੇ ਅੱਠ ਭੈਣਾਂ ਮਹਲ ਲਿਖੇ ਨੇ। ਇਥੇ ਇਕ ਹੋਰ ਬੜੀ ਹੀ ਭੱਦੀ ਹਾਸੋਹੀਣੀ ਅਤੇ ਨਾ ਯਕੀਨੀ ਵੀ ਜੋੜੀ ਗਈ ਹੈ ਮੇਰੀ ਸੱਤਵੀਂ ਪਾਤਸ਼ਾਹੀ ਗੁਰੂ ਹਰ ਰਾਏ ਜੀ ਨਾਲ। ਉਨਾਂ ਨੂੰ ਛੇ ਵਰ੍ਹੇ ਦੀ ਉਮਰ ਵਿਚ ਅੱਠਾਂ ਮਹਲਾਂ ਨਾਲ ਵਿਆਹ ਦਿੱਤਾ ਹੈ। ਅਵਤਾਰ ਧਾਰਨ ਸੰਮਤ ੧੬੮੭ਬਿ:, ਵਿਆਹ ੧੬੯੩ਬਿ:)। ਪਰ ਲਿਖਣਾਂ ਭੁੱਲ ਗਏ ਹੋ ਕਿ ਜੇ ਇਹ ਮਹਲ ਭੈਣਾਂ ਸਨ ਤਾਂ ਵਿਆਹ ਵੇਲੇ ਇਨਾਂ ਅੱਠਾਂ ਵਿਚੋਂ ਵੱਡੀ ਦੀ ਉਮਰ ਕਿੰਨੀ ਸੀ ਤਾਂ ਕਿ ਖਾਲਸਾ ਪੰਥ ਗਿਣਤੀ ਮਿਣਤੀ ਕਰਕੇ ਸੱਭ ਤੋਂ ਛੋਟੇ ਮਹਲ ਦੀ ਉਮਰ ਤੋਂ ਜਾਣੂੰ ਹੋ ਸਕਦਾ। ਦਾਸ ਦਾ ਵਿਚਾਰ ਨਹੀਂ ਕਿ ਗੁਰੂਆਂ ਦੇ ਵੇਲੇ ਮਾਪਿਆਂ ਵਲੋਂ ਆਪਣੇ ਪੁਤਰ ਦੇ ਵਿਆਹ ਲਈ ਨਾਰ, ਪੁਤਰ ਤੋਂ ਉਮਰ ਦੀ ਵੱਡੀ ਚੁਣੀ ਜਾਂਦੀ ਹੋਵੇਗੀ। ਜੇ ਪਹਿਲਾ ਮਹਲ ਉਮਰ ਵਿਚ ਗੁਰੂ ਜੀ ਤੋਂ ਘੱਟੋਘੱਟ ਦੋ ਸਾਲ ਵੱਡਾ ਹੋਵੇਗਾ ਭਾਵ ਅੱਠ ਸਾਲ ਅਤੇ ਉਸ ਦੀਆਂ ਬਾਕੀ ਸੱਤ ਭੈਣਾਂ ਦਾ ਜਨਮ, ਹਰ ਸਾਲ ਇਕ ਜੀਅ ਵਜੋਂ ਹੋਇਆ ਹੋਵੇਗਾ ਤਾਂ ਹੀ ਅੱਠ ਵਿਆਹ ਸੰਭਵ ਨੇ ਅਤੇ ਗੁਰੂ ਸਾਹਿਬ ਜੀ ਦਾ ਸਭ ਤੋਂ ਛੋਟਾ ਮਹਲ, ਅਜੇ ਆਪਣੀ ਮਾਂ ਦੀ ਕੁੱਛੜ ਚੁੱਕਿਆ, ਮਾਂ ਦਾ ਦੁੱਧ ਪੀਂਦਾ ਹੀ ਹੋ ਸਕਦਾ ਹੈ। ਇਥੇ ਇਹ ਲਿਖਿਆ ਵੀ ਕਿੰਨਾਂ ਓਪਰਾ ਅਤੇ ਅਨਹੋਣਾਂ ਜਾਪਦਾ ਹੈ ਕਿ ਗੁਰੂ ਸਾਹਿਬ ਦੇ ਅੱਠ ਮਹਲ ਹੋਣ, ਪਰ ਸੰਤਾਨ ਸਿਰਫ ਦੋ ਮਹਲਾਂ ਤੋਂ ਹੋਵੇ। ਕਿਉਂ ਦਾ ਜਬਾਬ ਲਿਖ ਦੇਣ ਨਾਲ ਦਮਦਮੀ ਟਕਸਾਲ ਦਾ 'ਗੁਰਬਾਣੀ ਪਾਠ ਦਰਪਣ' ਹੋਰ ਬਹੁਤਾ ਭਾਰਾ ਨਹੀਂ ਸੀ ਹੋਣ ਲੱਗਾ।

ਨੌਵੇਂ ਗੁਰੂ-ਮਹਲ ਵਾਰੇ ਚਾਰੇ ਤੱਥਾਂ ਦੀ ਜਰੂਰੀ ਜਾਣਕਾਰੀ ਹੈ। ਦਸ਼ਮੇਸ਼ ਪਿਤਾ ਦੇ ਪਹਿਲੇ ਮਹਲ ਮਾਤਾ ਅਜੀਤ ਕੌਰ ਦੇ ਸਿਰਫ ਪਿਤਾ ਦਾ ਨਾਮ ਹੈ। ਨਾ ਮਾਂ ਦਾ ਨਾਮ, ਨਾ ਪਿੰਡ ਦਾ ਨਾਮ ਅਤੇ ਨਾ ਇਹ ਕਿ ਇਹ ਵਿਆਹ ਕਿਸ ਤਰੀਕ, ਮਹੀਨੇ ਅਤੇ ਸੰਮਤ ਵਿਚ ਹੋਇਆ, ਦਰਜ ਹੈ। ਇਸ ਗੁਰੂ ਮਹਲ ਦੀ ਕੁਖੋਂ ਸਾਹਿਬਜਾਦਾ ਅਜੀਤ ਸਿੰਘ ਜੀ ਤੋਂ ਬਿਨਾਂ ਬਾਕੀ ਤਿੰਨੇ ਸਾਹਿਬਜਾਦੇ ਜਨਮੇ ਲਿਖੇ ਨੇ ਅਤੇ ਸਾਹਿਬਜਾਦਾ ਅਜੀਤ ਸਿੰਘ ਜੀ ਦੂਜੇ ਮਹਲ ਮਾਤਾ ਸੁੰਦਰ ਕੌਰ ਜੀ ਦੇ ਪੁੱਤਰ ਲਿਖਿਆ

ਹੈ। ਇਸ ਦੂਜੇ ਗੁਰੂ ਮਹਲ ਦੇ ਸਿਰਫ ਪਿੰਡ ਦਾ ਹੀ ਜ਼ਿਕਰ ਹੈ। ਨਾ ਮਾਂ ਬਾਪ ਦਾ ਨਾਮ ਦਰਜ ਹੈ ਅਤੇ ਨਾ ਇਹ ਹੀ ਕਿ ਇਹ ਵਿਆਹ ਕਿਸ ਤਰੀਕ, ਮਹੀਨੇ ਅਤੇ ਸੰਮਤ ਵਿਚ ਹੋਇਆ, ਦਰਜ ਹੈ।

ਸਾਡਾ ਇਤਿਹਾਸ- ਸਤਿਬੀਰ ਸਿੰਘ ਵਿਚ ਛੇਵੇਂ ਗੁਰੂ ਜੀ ਦੇ ਦੋ ਮਹੱਲ ਬੜੀ ਧੀਮੀ ਲਿਖੇ ਨੇ ਕਿ ਇਕ ਨਾਲ ਹੋਰ ਵਲੋਂ ਵੀ ਵਿਆਹ ਦੀ ਬੇਨਤੀ ਸਵਿਕਾਰ ਕਰ ਲਈ ਗਈ। ਸੱਤਵੇਂ ਗੁਰੂ ਦੇ ਇਕ ਵਿਆਹ ਨੂੰ ਵੀ ਬਿਆਨਣ ਵਾਲਾ ਜ਼ਿਕਰ ਨਹੀਂ। ਪਰ ਗੁਰੂ ਗੱਦੀ ਸੰਤਾਨ ਬਾਰੇ ਜਿਕਰ ਹੈ। ਦਸ਼ਮੇਸ਼ ਪਿਤਾ ਦਾ ਅਨੰਦਕਾਰਜ 18 ਕੁ ਸਾਲ ਦੀ ਉਮਰ ਵਿਚ ਲਾਹੌਰ ਨਿਵਾਸੀ ਭਾਈ ਰਾਮ ਸਰਨ ਦਾਸ ਦੀ ਸਪੁੱਤ੍ਰੀ ਸੁੰਦਰ ਸਰੂਪ ਨਾਲ, ਵਿਆਹ ਵਾਲੀ ਜਗਾਹ ਗੁਰੂ ਕਾ ਲਹੌਰ ਕਹਲਾਈ ਅਤੇ ਤਿੰਨ ਸਾਹਿਬਜ਼ਾਦਿਆਂ ਦੀਆਂ ਜਨਮ ਤਰੀਖਾਂ ਦਰਜ ਹਨ। ਪਰ ਚੌਥੇ ਸਹਿਬਜਾਦੇ ਅਜੀਤ ਸਿੰਘ ਦੇ ਮਾਤਾ ਜੀ ਵਾਰੇ ਕੋਈ ਸਪਸ਼ਟਤਾ ਨਹੀ ਅਤੇ ਨਾ ਜਗਤ ਮਾਤਾ ਵਾਰੇ ਜ਼ਿਕਰ ਹੈ। ਗੱਲ ਦਸ਼ਮੇਸ਼ ਪਿਤਾ ਦੇ ਵੱਧ ਮਹਲਾਂ ਵਾਰੇ ਦਮਦਮੀ ਟਕਸਾਲ ਦੇ ਲਿਖੇ ਤੋਂ ਹੀ ਸ਼ੁਰੂ ਕਰ ਲੈਂਦੇ ਹਾਂ।

ਗੁਰੂ ਦੀ ਸੁਣਨ ਵਾਲੇ ਸਿਖਾਂ ਦੀ ਮੱਤ ਵਿਚ ਤਾਂ ਰਤਨ ਜਵਾਹਰ ਮਾਣਕ, ਕੋਈ ਤੀਖਣ ਬੁਧੀ ਇਨਸਾਨ ਹੀ ਠੰਡੇ ਦਿਮਾਗ ਨਾਲ ਸੋਚੇ ਤਾਂ ਵੀ ਉਸ ਨੂੰ ਕੋਈ ਤੁਕ, ਕੋਈ ਕਾਰਣ, ਕੋਈ ਮਕਸਦ ਨਹੀ ਮਿਲੇਗਾ ਕਿ ਇਕ ਪਾਸੇ ਦਸ਼ਮੇਸ ਪਿਤਾ ਜੀ ਦੇ ਦੋ ਮਹੱਲਾਂ ਤੋਂ ਸਰੀਰਕ ਸਬੰਧਾਂ ਨਾਲ ਸੰਤਾਨ ਪੈਦਾ ਹੋਵੇ। ਪਰ ਤੀਜੇ ਮਹੱਲ ਨੂੰ ਉਮਰ ਭਰ ਸਰੀਰਕ ਸਬੰਧ ਨਾ ਕਰਨ ਦੀ ਕਹਿਕੇ ਜਗਤ ਮਾਤਾ ਰੱਖ ਰਹੇ ਹੋਣ। ਕੀ ਗੁਰੂ ਨੂੰ ਦੋ ਮਹਲ ਘਰ ਕਰ ਲੈਣ ਮਗਰੋਂ ਇਹ ਚੇਤਾ ਆ ਗਿਆ ਕਿ ਉਹ ਸਿਰਫ ਦੋ ਮਹਲ ਹੀ ਰਖ ਸਕਦੇ ਹਨ ਜੋ ਤੀਜੇ ਮਹਲ ਨੂੰ ਜਗਤ ਮਾਤਾ ਰਖਣਾਂ ਪਿਆ? ਕੀ ਸਤਿਗੁਰੂ ਬਾਬੇ ਨਾਨਕ ਦੁਆਰਾ ਅਰੰਭੇ ਸਿਖ ਧਰਮ ਅਤੇ ਪੰਥ ਦੀ ਸਿਰਜਣਾਂ ਦੇ ਕਾਰਜ ਨੂੰ ਸੰਪੂਰਨ ਕਰਨ ਵਾਲੇ ਦਸ਼ਮੇਸ ਪਿਤਾ ਜੀ ਨਹੀਂ ਜਾਣਦੇ ਸਨ ਕਿ ਇਸ ਘਰ ਗ੍ਰਹਿਸਤ ਇਕ ਮਰਦ ਅਤੇ ਇਕ ਔਰਤ ਦਾ ਰਿਸ਼ਤਾ ਹੀ ਉਨਾਂ ਅਤੇ ਉਨਾਂ ਦੇ ਸਿਖਾਂ ਲਈ ਰੱਬੀ ਹੁਕਮ ਹੈ? ਸੋ ਇਥੇ ਵੀ ਦੋ ਮਹੱਲ ਅਤੇ ਜਗਤ ਮਾਤਾ ਦੀ ਕਹਾਣੀ ਆਪਾ ਵਿਰੋਧੀ ਹੋਣ ਕਰਕੇ ਸਹੀ, ਉਤਮ ਜਾਂ ਸੱਚੀ ਅਤੇ ਪੂਰਨ ਰੂਪ ਵਿਚ ਸੱਚੇ ਧਰਮ ਨੂੰ ਸਿਰਜਣ ਵਾਲੇ ਗੁਰੂਆਂ ਦਾ ਸੱਚਾ ਵਿਰਸਾ ਨਹੀਂ ਹੋ ਸਕਦੀ। ਇਥੇ ਵੀ ਗੁਰੂ ਸਾਹਿਬ ਦਾ ਇਕ ਮਹਲ, ਇਸੇ ਇਕ ਮਹੱਲ ਤੋਂ ਹੀ ਚਾਰੇ ਸਾਹਿਬਜ਼ਾਦੇ ਅਤੇ ਇਸ ਘਰ ਜਗਤ ਮਾਤਾ ਦਾ ਰੈਣ ਵਸੇਰਾ ਹੋਣਾਂ ਹੀ ਸੰਭਵ ਨਜ਼ਰ ਆਉਂਦਾ ਹੈ। ਇਕ ਮਹੱਲ ਅਤੇ ਇਸੇ ਤੋਂ ਹੀ ਚਾਰ ਸਹਿਬਜਾਦੇ, ਤਾਂ ਹੀ ਜਗਤ ਮਾਤਾ ਦੇ ਭਾਣੇ ਦਾ ਸੱਚ ਹੋਣਾਂ ਅਤੇ ਤਾਂ ਹੀ ਇਸ ਭਾਣੇ ਪਿਛੇ ਸਭ ਸਮਰੱਥ ਸੱਚੇ ਸਿਰਜਣਹਾਰ ਦਾ ਇਕ ਸੱਚਾ ਅਤੇ ਅਤਿ ਮਹੱਤਵਪੂਰਨ ਮੰਤਵ, 'ਮੰਗਣ ਅਤੇ ਦੇਣ' ਦੇ ਗੁਰਮਤਿ ਸਿਧਾਂਤ ਨੂੰ ਵਿਸ਼ੇਸ਼ ਤੌਰ ਤੇ ਬਿਆਨਣਾਂ, ਫੈਸਲੇ ਵਾਰੇ ਕਿਸੇ ਭੁਲੇਖੇ ਦੀ ਗੁੰਜਾਇਸ਼ ਖਤਮ ਕਰਨਾਂ, ਉਭਰਦਾ ਹੈ। ਰੱਬੀ ਹੁਕਮ ਅਤੇ ਰਜਾ ਦੇ ਸਾਜੇ ਸਿਖ, ਸਿੰਘ, ਖਾਲਸੇ, ਬ੍ਰਹਮਗਿਆਨੀ ਇਨਸਾਨ ਲਈ, ਉਸ ਦੀ ਸ਼ਰਨ ਆਕੇ (ਭਾਵ ਮਾੜੀ ਨੀਤ ਨਾਲ ਨਾ ਆਕੇ), ਕਿਸੇ ਇਨਸਾਨ ਵੱਲੋਂ ਮੰਗ ਲੈਣ ਦੀ ਸਥਿਤੀ ਉਤੇ ਮੰਗਿਆ ਦੇ ਦੇਣ ਦੀਆਂ ਦੋ ਗੁਰੂਆਂ ਦੁਆਰਾ ਮਿਸਾਲਾਂ ਕਾਇਮ ਕਰਵਾਕੇ ਵਿਸ਼ੇਸ਼ ਤੋਰ ਤੇ ਬਿਖਿਆਨ ਕਰ ਦੇਣਾਂ ਹੈ ਕਿ ਮੰਗ ਲੈਣ ਦੀਆਂ ਦੋਨੋਂ ਹੀ ਸਥਿਤੀਆਂ ਵਿਚ ਮੰਗਿਆ ਦੇਣਾ, ਗੁਰਮਤਿ ਅਨੁਸਾਰ ਕੇਹੋ ਜਿਹਾ ਹੈ। ਮਜ਼ਲੂਮ ਨੇ ਦਰ ਆਕੇ ਮੰਗਿਆ, ਨੌਵੇਂ ਗੁਰੂ ਨੇ, ਦਸ਼ਮੇਸ਼ ਗੁਰੂ ਨੇ, ਖਾਲਸਾ ਪੰਥ ਨੇ ਅਣਗਿਣਤ ਬੇਮਿਸਾਲ ਅਦਭੁਤ ਨਿਰਾਲੀਆਂ ਸ਼ਹਾਦਤਾਂ, ਸ਼ਹੀਦੀਆਂ ਦੇਕੇ, ਮੰਗਿਆ ਦੇਣ ਦੀ ਮਿਸਾਲ ਪੈਦਾ ਕਰ ਦਿੱਤੀ। ਸਿਖਰ ਦੀ ਪਰਖ ਵਿਚ ਪਾਕੇ, ਦਸ਼ਮੇਸ਼ ਪਿਤਾ ਤੋਂ ਅਸੰਭਵ ਮੰਗਿਆ, ਅੰਤ ਜਿਸ ਰੂਪ ਵਿਚ ਸੰਭਵ ਹੋਇਆ ਉਹ ਪਹਿਲੋਂ ਦੱਸਕੇ ਕਿ ਸਿਰਫ ਤੇ ਸਿਰਫ ਜਗਤ ਮਾਤਾ ਦੇ ਹੀ ਰੂਪ ਵਿਚ ਹੀ। ਦਸ਼ਮੇਸ਼ ਪਿਤਾ ਵੱਲੋਂ ਹੋਈ ਇਸ ਕਾਇਮ ਮਿਸਾਲ ਉਤੇ ਹੀ ਪੁਰਾਤਨ ਸਮੇਂ ਵਿਚ ਸਾਡੇ ਬਜੁਰਗ ਖਾਲਸੇ ਵੱਲੋਂ ਦਿੱਤੇ ਪਹਿਰੇ ਦੀ ਇਕ ਇਤਿਹਾਸਕ ਘਟਨਾਂ ਦਾ ਵੀ ਅਚਾਨਕ ਪਤਾ ਲੱਗਾ ਹੈ ਜਿਸ ਦਾ ਇਸ ਲਿਖਤ ਵਿਚ ਅੱਗੇ ਜਿਕਰ ਹੈ।

ਸੋ ਗੁਰਮਤਿ ਅਨੁਸਾਰ ਕੀਤੇ ਇਸ ਹਿਸਾਬ ਕਿਤਾਬ ਦਾ ਸਿੱਟਾ= ਵੱਧੋ ਵੱਧ ਦਸ਼ਮੇਸ਼ ਪਿਤਾ ਦਾ ਇਕ ਮਹੱਲ, ਇਸ ਤੋਂ ਹੀ ਸੰਤਾਨ ਅਤੇ ਉਨਾਂ ਦੇ ਪ੍ਰਵਾਰ ਵਿਚ ਇਕ ਜਗਤ ਮਾਤਾ ਹੀ ਨਿਕਲਦਾ ਹੈ। ਇਹ ਸਿੱਟਾ ਆਪਣੇ ਆਪ ਵਿਚ ਹੀ ਇਸ ਗੱਲ ਦਾ ਵੀ ਖੰਡਨ ਹੈ ਕਿ ਛੇਵੇਂ ਪਾਤਸ਼ਾਹ ਦੇ ਤਿੰਨ ਮਹਲ ਅਤੇ ਦੋ ਤੋਂ ਸੰਤਾਨ ਹੋਵੇਗੀ। ਇਸ ਗੱਲ ਦਾ ਵੀ ਖੰਡਨ ਹੈ ਕਿ ਸੱਤਵੇਂ ਪਾਤਸ਼ਾਹ ਨੇ ਪ੍ਰਵਾਰ ਸਮੇਤ ਦਰਸ਼ਨਾਂ ਨੂੰ ਆਏ ਅਨੂਪ ਪੁਰ ਦੇ ਰਾਜੇ ਰਾਜਾ ਰਾਮ ਜੀ ਨੂੰ ਉਨਾਂ ਦੀ ਬੇਨਤੀ ਉਤੇ ਉਨਾਂ ਦੀਆਂ ਅੱਠ ਧੀਆਂ ਨਾਲ ਵਿਆਹ ਰਚਾ ਲੈਣ ਦੀ ਸਹਿਮਤੀ ਪ੍ਰਗਟ ਕਰ ਦਿੱਤੀ ਹੋਵੇਗੀ। ਸਗੋਂ ਸਿੱਟਾ ਇਹ ਹੀ ਪ੍ਰੋੜਤਾ ਕਰਦਾ ਹੈ ਕਿ ਇਨਾਂ ਦੋਨੋਂ ਗੁਰੂਆਂ ਵੱਲੋਂ ਵੀ ਦਰ ਆ ਮੰਗ ਲੈਣ ਦੀ ਸੂਰਤ ਵਿਚ ਦੇਣਾਂ ਵੀ, ਸਿਰਫ ਤੇ ਸਿਰਫ ਦਸ਼ਮੇਸ਼ ਪਿਤਾ ਵਰਗਾ ਦੇਣਾਂ ਹੀ ਹੋ ਸਕਦਾ ਸੀ। ਭਾਵ ਇਕ ਮਹਲ ਗ਼ਹਿਸਤ ਜੀਵਨ ਅਤੇ ਨਾਲ ਵੱਧੋ ਵੱਧ ਜਗਤ ਮਾਤਾ। ਇਸ ਲਈ ਇਨਾਂ ਦੋਨੋਂ ਗੁਰੂਆਂ ਦੇ ਵੀ ਇਕ ਹੀ ਮਹੱਲ ਅਤੇ ਇਸੇ ਇਕ ਤੋਂ ਹੀ ਸੰਤਾਨ ਹੋਣੀ ਸਿਧ ਹੁੰਦੀ ਹੈ।

**2)** ਦਮਦਮੀ ਟਕਸਾਲ ਇਹ ਦਾਹਵੇ ਨਾਲ ਲਿਖ ਰਹੀ ਹੈ ਅਤੇ ਦਾਸ ਵੱਲੋਂ ਵੀ ਪੰਥ ਅੱਗੇ ਦਾਹਵੇ ਨਾਲ ਇਹ ਹੀ ਸਵਿਕਾਰ ਕੀਤਾ ਹੈ ਕਿ ਦਸ਼ਮੇਸ਼ ਪਿਤਾ ਨੇ ਦਮਦਮੀ ਟਕਸਾਲ ਨੂੰ ਸਿਖ ਵਿਰਸੇ ਦੀ ਸੇਵਾ ਸੰਭਾਲ ਕਰਨ ਦੀ ਵਿਸ਼ੇਸ਼ ਜ਼ਿਮੇਵਾਰੀ ਸੌਂਪੀ ਹੋਈ ਹੈ (ਦਮਦਮੀ ਟਕਸਾਲ, ਨਿਰਮਲੇ ਸੰਤ ਅਤੇ ਇਹ ਪ੍ਰਾਣੀ- 'ਦੇਸ ਪੰਜਾਬ' ਮਾਰਚ 2005)। ਇਹ ਸੱਚ ਹੈ ਤਾਂ ਇਹ ਵੀ ਸੱਚ ਹੈ ਕਿ ਦਸ਼ਮੇਸ਼ ਪਿਤਾ ਵਲੋਂ ਜਿਨਾਂ ਗੁਰਸਿਖਾਂ ਨੂੰ ਆਪਣੇ ਜੀਵਨ ਕਾਲ ਵਿਚ ਇਹ ਜ਼ਿਮੇਵਾਰੀ ਸੰਭਾਲੀ ਹੋਵੇਗੀ, ਉਨਾਂ ਆਪਣੇ ਗੁਰੂ ਦੇ ਹੁਕਮ ਨੂੰ, ਹਦਾਇਤ ਨੂੰ ਆਪਣੇ ਅਕਾਲਪੁਰਖ ਦਾ ਹੁਕਮ ਹਦਾਇਤ ਜਾਣਦਿਆਂ ਸੌ ਪ੍ਰਤੀਸ਼ਤ ਨਿਭਾਇਆ ਵੀ ਹੋਵੇਗਾ ਅਤੇ ਉਦੋਂ, ਅਜੇ ਸੱਜਰੇ ਗੁਰੂ ਇਤਿਹਾਸ ਵਿਰਸੇ ਨੂੰ ਪੂਰਨ ਰੂਪ ਵਿਚ ਕਲਮਬੰਦ ਕਰਕੇ ਆਪਣੀ ਸੰਸਥਾ ਕੋਲ ਸਾਂਭਿਆ ਵੀ ਹੋਵੇਗਾ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖੁਸ ਜਾਣ ਤੱਕ ਇਸੇ ਸੱਚੇ ਸਾਹਿਤ ਦਾ ਪ੍ਰਚਾਰ ਵੀ ਕੀਤਾ ਹੋਵੇਗਾ। ਇਸੇ ਸੱਚੇ ਸਾਹਿਤ ਦਾ ਪੰਥ ਵਿਚ ਬੋਲਬਾਲਾ ਵੀ ਰਿਹਾ ਹੋਵੇਗਾ ਅਤੇ ਖਾਲਸਾ ਪੰਥ ਲਈ ਮਾਰਗ ਦਰਸ਼ਨ ਵੀ ਰਿਹਾ ਹੋਵੇਗਾ। ਪਰ ਮਜੂਦਾ ਦਮਦਮੀ ਟਕਸਾਲ ਦੇ 'ਗੁਰਬਾਣੀ ਪਾਠ ਦਰਪਣ' ਵਿਚ ਗੁਰੂਆਂ ਦੇ ਮਹਲਾਂ ਵਾਰੇ ਲਿਖੇ ਉਤੇ ਓਪਰੀ ਨਿਗਾਹ ਮਾਰੇ ਹੀ ਇਹ ਅਤਿ ਦੁਖਦਾਈ ਸੱਚ ਵੀ ਸਾਹਮਣੇ ਆ ਜਾਂਦਾ ਹੈ ਕਿ ਇਸ ਵਿਚੋਂ, ਦਸ਼ਮੇਸ਼ ਪਿਤਾ ਤੋਂ ਲੈਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਖੁਸ ਜਾਣ ਤੱਕ, ਮੁੰਢਲੀ ਦਮਦਮੀ ਟਕਸਾਲ ਵਲੋਂ ਰਚੇ ਸੱਚੇ ਪੂਰਨ ਸਿਖ ਸਾਹਿਤ ਦੀ ਕਿਤੇ ਕੋਈ ਝਲਕ ਨਹੀਂ ਪੈਦੀ। ਮਤਲਬ ਸਾਫ ਹੈ ਕਿ ਮਜੂਦਾ ਦਮਦਮੀ ਟਕਸਾਲ ਕੋਲ ਦਸ਼ਮੇਸ਼ ਪਿਤਾ ਦੇ ਵੇਲੇ ਤੋਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਨੂੰ ਖੁਸਣ ਤੱਕ, ਮੁੰਢਲੀ ਦਮਦਮੀ ਟਕਸਾਲ ਵਲੋਂ ਸਿਖ ਵਿਰਸੇ ਦੀ ਸੇਵਾ ਸੰਭਾਲ ਕਰਦਾ ਰਚਿਆ ਸੱਚਾ ਸਿਖ ਸਾਹਿਤ ਹੈ ਹੀ ਨਹੀ ਅਤੇ ਇਹ ਸੱਚਾ ਸਿਖ ਸਾਹਿਤ, ਸਿਖ ਧਰਮ, ਗੁਰੂ ਇਤਿਹਾਸ, ਸਿਖ ਇਤਿਹਾਸ ਅਤੇ ਅੱਖਰੀ ਗੁਰਬਾਣੀ ਦੇ ਸੰਭਵ ਵੱਖ ਵੱਖ ਅਰਥਾਂ ਤੋਂ ਜਾਣੂੰ ਬਦੀ ਦਾ ਪ੍ਰਤੀਕ ਸ਼ੈਤਾਨ, ਚਾਣਕੀਆ, ਬਿਪਰਨ ਬਾਹਰੀ ਸਰੂਪ ਧਾਰਕੇ, ਸਿਖ ਪੰਥ ਵਿਚ ਘੁਸਬੇਠ ਕਰਕੇ ਨਸ਼ਟ ਕਰ ਚੁੱਕਾ ਹੈ। ਮਜੂਦਾ ਦਮਦਮੀ ਟਕਸਾਲ ਕੋਲ ਸਿਖ ਵਿਰਸੇ ਦੀ ਸੇਵਾ ਸੰਭਾਲ ਦੇ ਨਾਮ ਉਤੇ 'ਗੁਰਬਾਣੀ ਪਾਠ ਦਰਪਣ' ਪੁਸਤਕ ਵਿਚ ਗੁਰੂਆਂ ਦੇ ਵਿਆਹਾਂ ਵਾਰੇ ਅਤਿ ਅਪੂਰਣ, ਅਧੂਰੀ ਅਤੇ ਕੱਚੀ ਜਾਣਕਾਰੀ ਦੇਰ ਮਗਰੋਂ ਛਪੀਆਂ ਕਿਤਾਬਾਂ ਵਿਚੋਂ, ਬਿਨਾਂ ਵਿਚਾਰ ਕੀਤਿਆਂ, ਬਿਨਾਂ ਪੜਤਾਲ ਕੀਤਿਆਂ ਨਕਲ ਕਰਕੇ ਦਰਜ ਕਰ ਰੱਖੀ ਹੈ ਜਾਂ ਦੂਜੀ ਸੰਭਾਵਨਾਂ- ਪਹਿਲੋਂ ਦਮਦਮੀ ਟਕਸਾਲ ਵਲੋਂ ਹੀ ਗੁਰੂਆਂ ਦੇ ਵਿਆਹਾਂ ਵਾਰੇ ਅਤਿ ਅਪੂਰਣ, ਅਧੂਰੀ ਅਤੇ ਕੱਚੀ ਜਾਣਕਾਰੀ ਆਪਣੇ ਸਾਹਿਤ ਵਿਚ ਅੰਕਤ ਕਰ ਦਿਤੀ ਹੋਵੇ ਅਤੇ ਇਹ ਕੂੜ ਇਥੋਂ ਹੀ ਲੈਕੇ ਕਈ ਹੋਰ ਲਿਖਾਰੀਆ, ਸਾਹਿਤਕਾਰਾਂ, ਧਾਰਮਿਕ ਚਿੰਤਕਾਂ ਅਤੇ ਸਿਖ ਵਿਦਵਾਨਾਂ ਵਲੋਂ ਆਪਣੀਆਂ ਕਿਤਾਬਾਂ ਵਿਚ ਦਹੁਰਾਉਣਾਂ ਸ਼ੁਰੂ ਕਰ ਦਿੱਤਾ ਹੋਵੇ। ਮਜੂਦਾ ਦਮਦਮੀ ਟਕਸਾਲ ਕੋਲ, ਗੁਰੂ ਸਹਿਬਾਨਾਂ ਦੇ ਵਿਆਹਾਂ, ਮਹਲਾਂ ਅਤੇ ਸੰਤਾਨ ਵਾਰੇ ਅਤਿ ਅਪੂਰਣ, ਅਧੂਰੀ ਅਤੇ ਕੱਚੀ ਜਾਣਕਾਰੀ ਤਾਂ ਹੈ ਹੀ ਇਥੋਂ ਤੱਕ ਕਿ ਦਮਦਮੀ ਟਕਸਾਲ ਖੁਦ ਸਵਿਕਾਰ ਕਰ ਰਹੀ ਹੈ ਕਿ ਉਹ ਤਾਂ ਆਪਣੇ ਵਲੋਂ ਲਿਖੇ ਤੀਜੇ ਗੁਰੂ ਦੇ ਅਵਤਾਰ ਧਾਰਨ ਸੰਮਤ ੧੫੨੬ ਬਿ: ਵਾਰੇ ਵੀ ਇਹ ਦਾਹਵਾ ਨਹੀਂ ਕਰਦੀ ਕਿ ਇਹ ਹੀ ਸਹੀ ਹੈ ਅਤੇ ਹਵਾਲਾ ਦੇ ਰਹੀ ਹੈ ਕਿ 'ਤਵਾਰੀਖ ਗੁਰੂ ਖਾਲਸਾ ' ਵਿਚ ਇਹ ਸੰਮਤ ੧੫੩੬ ਬਿ: ਦਰਜ ਹੈ। ਇਹ ਫਰਕ ਕੋਈ ਉਨੀ ਇਕੀ ਦਾ ਨਹੀ। 10 ਸਾਲ ਦਾ ਫਰਕ ਹੈ। ਛੇਵੀਂ ਪਾਤਸ਼ਾਹੀ ਦੇ ਜੋਤੀ ਜੋਤਿ ਸਮਾਉਣ ਵਾਰੇ ਇਹ ਦਾਹਵਾ ਨਹੀ ਕਰਦੀ ਕਿ ਉਨਾਂ ਵੱਲੋਂ ਅਤੇ 'ਗੁਰ ਬਿਲਾਸ' ਵਿਚ ਦਰਜ ਸੰਮਤ ੧੬੯੫ ਬਿ: ਹੀ ਸਹੀ ਹੈ ਸਗੋਂ ਨਾਲ ਭਾਈ ਮਨੀ ਸਿੰਘ ਜੀ ਵਾਲੀ ਬੀੜ 'ਤਵਾਰੀਖ ਗੁਰੂ ਖਾਲਸਾ ' ਵਿਚ ਅਤੇ ਗੁਰ ਪੰਥ ਪ੍ਰਕਾਸ਼ ਵਿਚ ਇਹ ਸੰਮਤ ੧੭੦੧ ਦਰਜ ਹੋਣ ਦਾ ਹਵਾਲਾ ਦੇ ਰਹੀ ਹੈ। ਇਥੇ ਛੇ ਸਾਲ ਦਾ ਫਰਕ ਹੈ।

ਦਮਦਮੀ ਟਕਸਾਲ ਵੱਲੋਂ ਸੱਤਵੇਂ ਗੁਰੂ ਦੇ ਅੱਠ ਮਹਲਾਂ ਵਿਚੋਂ ਪਹਿਲੇ ਤਿੰਨ ਅਤੇ ਆਖਰੀ ਮਹੱਲ ਦੇ ਨਾਮ ਕੌਰ ਵੀ ਲਿਖੇ ਹੋਏ ਹਨ। ਦਾਸ ਦਾ ਵਿਚਾਰ ਨਹੀ ਕਿ ਅੰਮ੍ਰਿਤ ਦੀ ਦਾਤ ਨਾਲ ਸਿਖ ਧਰਮ ਅਤੇ ਖਾਲਸਾ ਪੰਥ ਦੀ ਉਸਾਰੀ ਦਾ ਕਾਰਜ ਮੁਕੰਮਲ ਹੋ ਜਾਣ ਤੋਂ ਪਹਿਲੇ ਹਿੰਦੂ ਸਮਾਜ ਵਿਚ ਇਵੇਂ ਬਹੁਤਦਾਦ ਬੀਬੀਆਂ ਦੇ ਨਾਮ ਕੌਰ ਰੱਖੇ ਜਾਂਦੇ ਹੋਣ।

ਸੋ ਦਮਦਮੀ ਟਕਸਾਲ ਕੋਲ ਇਕ ਤੇ ਗੁਰੂ ਸਹਿਬਾਨਾਂ ਦੇ ਵਿਆਹਾਂ ਵਾਰੇ ਚਾਹੀਦੀ ਜਰੂਰੀ ਜਾਣਕਾਰੀ ਹੀ ਅਧੂਰੀ ਹੈ, ਅਪੂਰਣ ਹੈ, ਕੱਚੀ ਹੈ। ਦੂਜੇ ਇਸ ਦੀ ਤੇ ਆਪਣੀ ਕੋਈ ਖੋਜ ਪੜਤਾਲ ਹੀ ਨਹੀਂ ਜਿਸ ਦੇ ਸਹਾਰੇ ਗੁਰੂ ਦੇ ਅਵਤਾਰ ਧਾਰਨ ਸੰਮਤ ਜਾਂ ਜੋਤੀ ਜੋਤਿ ਸਮਾਈ ਸੰਮਤ ਤੱਕ ਇਕ ਮੁਕਰਰ ਕਰਕੇ ਆਪਣੇ ਸਾਹਿਤ ਵਿਚ ਦਰਜ ਕਰ ਸਕਦੀ। ਇਸ ਲਈ ਤਿੰਨਾਂ ਗਰੂਆਂ ਦੇ ਇਕ ਤੋਂ ਵੱਧ ਵਿਆਹਾਂ, ਮਹਲਾਂ ਅਤੇ ਇਕ ਤੋਂ ਵੱਧ ਮਹਲਾਂ ਤੋਂ ਸੰਤਾਨ ਵਾਰੇ ਲਿਖਿਆ ਵੀ ਬਿਨਾਂ ਕਿਸੇ ਖੋਜ ਪੜਤਾਲ ਦੇ ਲਿਖਿਆ ਹੋਣ ਕਰਕੇ ਅਪੂਰਨ ਹੈ, ਅਧੂਰਣ ਹੈ ਕੱਚਾ ਹੈ ਅਤੇ ਅੰਤ ਉਤੇ ਰੱਦ ਹੁੰਦਾ ਹੈ। ਸੋ ਰੱਦ ਦੇ ਅਧਾਰ ਤੇ ਕਹੀ ਨੂੰ ਕਦੇ ਸੱਚ ਮੰਨਿਆਂ ਹੀ ਨਹੀ ਜਾ ਸਕਦਾ। ਸੋ ਗੁਰੂਆਂ ਦੇ ਨਾਵਾਂ ਨਾਲ ਵੱਧ ਮਹਲਾਂ ਦੇ ਜੋੜੇ ਕਿੱਸੇ ਕਦੇ ਸਹੀ, ਅੰਤਮ, ਸੱਚ ਅਤੇ ਸਿਖ ਵਿਰਸਾ ਨਹੀ ਹੋ ਸਕਦੇ।

ਇਥੇ ਤੱਕ ਹੋਏ ਹਿਸਾਬ ਕਿਤਾਬ ਵਿਚੋਂ ਇਹ ਨਤੀਜਾ ਵੀ ਨਿਕਲਦਾ ਹੈ ਕਿ ਮਜੂਦਾ ਦਮਦਮੀ ਟਕਸਾਲ ਨੇ ਸਿਖ ਵਿਰਸੇ ਦੀ ਸੇਵਾ ਸੰਭਾਲ ਦੀ ਜ਼ਿਮੇਵਾਰੀ ਦਾ ਵੱਡਾ ਅਤੇ ਚੰਗਾ ਨਾਮ ਐਵੇਂ ਹੀ ਧਰਾ ਰੱਖਿਆ ਹੈ ਅਤੇ ਇਸ ਦਾ ਆਪਣੀ ਅਤਿ ਅਪੂਰਣ, ਅਧੂਰਣ ਅਤੇ ਅਤਿ ਕੱਚੀ ਜਾਣਕਾਰੀ ਦੇ ਆਧਾਰ ਤੇ ਕੀਤਾ ਜਾਂਦਾ ਇਹ ਦਾਹਵਾ ਰੱਦ ਹੁੰਦਾ ਹੈ ਕਿ ਉਨਾਂ ਨੂੰ ਗੁਰੂਆਂ ਦੇ ਮਹਲਾਂ ਵਾਰੇ ਕੋਈ ਭੁਲੇਖਾ ਨਹੀ ਅਤੇ ਉਨਾਂ ਸੀਨੇ ਬ-ਸੀਨੇ ਇਸ ਦਾ ਹੀ ਪ੍ਰਚਾਰ ਕਰਨਾਂ ਹੈ। ਜਿਨਾਂ ਤੋਂ ਗੁਰੂਆਂ ਦੇ ਅਵਤਾਰ ਧਾਰਨ ਸੰਮਤ ਜਾਂ ਜੋਤੀ ਜੋਤਿ ਸਮਾਉਣ ਦੇ ਸੰਮਤ ਦਾ ਦਾਹਵਾ ਨਾ ਹੋ ਸਕਿਆ, ਉਨਾਂ ਅਤਿ ਅਪੂਰਣ, ਅਧੂਰਣ ਅਤੇ ਅਤਿ ਕੱਚੀ ਜਾਣਕਾਰੀ ਦੇ ਆਧਾਰ ਤੇ ਗੁਰੂਆਂ ਨਾਲ ਜੋੜੇ ਵੱਧ ਮਹਲਾਂ ਦੀ ਕਹਾਣੀ ਨੂੰ ਕੀ ਆਪਣੀਆਂ ਨਜ਼ਰ ਵਿਚ ਖਾਲਸਾ ਪੰਥ ਲਈ ਮਾਣ ਕਰਨ ਵਾਲੀ, ਫਖਰ ਕਰਨ ਵਾਲੀ ਸਮਝਦੇ ਹਨ ਜੋ ਇਸ ਨੂੰ ਸੱਚ ਦਾ ਨਾਮ ਦੇਕੇ ਸੀਨੇ ਬ-ਸੀਨੇ ਇਸ ਦਾ ਪ੍ਰਚਾਰ ਕਰਦੇ ਰਹਿਣਾਂ ਹੈ? ਜੇ ਦਸ਼ਮੇਸ਼ ਪਿਤਾ ਵਲੋਂ ਸਿਖ ਵਿਰਸੇ ਦੀ ਸੇਵਾ ਸੰਭਾਲ ਲਈ ਵਸ਼ੇਸ਼ ਜ਼ਿਮੇਵਾਰ ਥਾਪੀ ਸੰਸਥਾ ਹੀ ਬਿਨਾਂ ਗੁਰਮਤਿ ਦੀ ਕਸਵੱਟੀ ਤੇ ਤੋਲੇ, ਪੜਤਾਲ ਕੀਤੇ, ਘੋਖ ਕੀਤੇ ਦੂਜਿਆਂ ਦੀ ਗੁਰੂਆਂ ਵਾਰੇ ਅਪੂਰਣ, ਕੱਚੀ ਅਤੇ ਝੂਠੀ ਕਹੀ ਨੂੰ ਸਿਖ ਵਿਰਸੇ ਦਾ ਨਾਮ ਦੇਕੇ ਸਾਂਭਣ, ਪ੍ਰਕਾਸ਼ਤ ਕਰਨ ਅਤੇ ਪ੍ਰਚਾਰਨ ਲੱਗ ਜਾਵੇ, ਡਿਫੈਂਸ ਕਰਨ ਲੱਗ ਜਾਵੇ ਤਾਂ ਧਰਾਏ ਅਤਿ ਵੱਡੇ, ਅਤਿ ਚੰਗੇ ਅਤੇ ਪਵਿਤ੍ਰ ਨਾਮ ਨਾਲ ਨਿਆ ਨਹੀਂ ਹੈ ਅਤੇ ਨਾ ਹੀ ਇਸ ਦੀ ਲਾਜ ਰੱਖਣਾਂ ਹੈ।

3) ਸਿਖ ਧਰਮ ਮੁਤਾਬਕ ਇਕ ਗੁਰਸਿਖ ਲਈ ਵਿਆਹ ਨਾਲ ਕੀਤੀ ਗ੍ਰਹਿਸਤ ਜੀਵਨ ਦੀ ਸ਼ੁਰੂਆਤ ਤੋਂ ਅੰਤ ਤੱਕ ਸਿਰਫ ਇਕ ਹੀ ਇਹ ਉਸਦਾ ਜੀਵਨ ਸਾਥੀ ਹੈ ਜਿਸ ਨਾਲ ਉਸ ਦੇ ਸਰੀਰਕ ਸਬੰਧ ਨੇ। ਬਾਕੀ ਸਭ ਉਸ ਲਈ ਧੀਆਂ ਭੈਣਾਂ ਅਤੇ ਮਾਵਾਂ ਸਮਾਨ ਸਤਿਕਾਰਯੋਗ ਅਤੇ ਪੂਜਣਯੋਗ ਨੇ। ਇਥੇ ਦੂਜੇ ਵਿਆਹ ਦਾ ਸਵਾਲ ਉਤਪਨ ਹੋਣਾਂ ਤਾਂ ਹੀ ਹੀ ਜੇ ਸਿੰਘਣੀ ਅਕਾਲ ਚਲਾਣਾਂ ਕਰ ਗਈ ਹੈ ਜਾਂ ਅਤਿ ਦੀ ਅਣਬਣ ਕਰਕੇ ਛੱਡ ਛਡਾਈਆ ਹੋ ਜਾਣ ਮਗਰੋਂ। ਇਥੇ ਘਰ ਦੀ ਨਾਰ ਹੁੰਦਿਆਂ, ਹੋਰ ਵਿਆਹਾਂ ਨਾਲ ਜਾਂ ਇਕ ਹੀ ਵਿਆਹ ਨਾਲ ਇਕ ਤੋਂ ਵੱਧ ਮਹਲਾਂ ਦਾ ਨਿਘ, ਪਰਾਈ ਦਾ ਹੀ ਸੰਗ ਗਿਣ ਹੁੰਦਾ ਹੈ ਅਤੇ ਪਰਾਈਆਂ ਦੇ ਸੰਗ ਕਰਨ ਵਾਲਿਆਂ ਲਈ ਗੁਰੂ ਫਰਮਾਨਾਂ ਵਿਚੋਂ ਇਥੇ ਕੁਝ:

**ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥ ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥ ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ॥ ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥**(ਪੰਨਾ 1013), **ਘਰ ਕੀ ਨਾਰਿ ਤਿਆਗੈ ਅੰਧਾ॥ ਪਰ ਨਾਰੀ ਸਿਉ ਘਾਲੈ ਧੰਧਾ॥ ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ॥ ਅੰਤ ਕੀ ਬਾਰ ਮੂਆ ਲਪਟਾਨਾ ॥੧॥ ਪਾਪੀ ਕਾ ਘਰੁ ਅਗਨੇ ਮਾਹਿ ॥ ਜਲਤ ਰਹੈ ਮਿਟਵੈ ਕਬ ਨਾਹਿ॥**(ਪੰਨਾ 1164), **ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ ॥ ਸਬਦੁ ਚੀਨਿ ਭੈ ਕਪਟ ਨ ਛੂਟੇ ਮਨਿ ਮੁਖਿ ਮਾਇਆ ਮਾਇਆ ॥**(ਪੰਨਾ 1244), **ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਸਾਧ ਕੀ ਟਹਲ ਸੰਤਸੰਗਿ ਹੇਤ ॥**(ਪੰਨਾ 274), **ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ ॥**(ਪੰਨਾ 213), **ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥ ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥ ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥ ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥ ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥੨੭॥**(ਪੰਨਾ 1244)। ਭਾਈ ਗੁਰਦਾਸ ਜੀ ਦੀ ਬਾਣੀ ਵਿਚ, ਦੇਖਿ ਪਰਾਈਆਂ ਚੰਗੀਆਂ, ਮਾਵਾਂ ਭੈਣਾਂ ਧੀਆਂ ਜਾਣੈ॥( ਵਾਰ ੨੯, ਪੌੜੀ ੧੧)।

ਦਸ਼ਮੇਸ਼ ਜੀ ਉਸ ਪ੍ਰਾਣੀ ਦੇ ਗੁਣਾਂ ਵਿਚੋਂ ਇਕ ਗੁਣ ਨੂੰ ਉਚੇਚੇ ਤੌਰ ਤੇ ਦਹੁਰਾਉਂਦੇ ਨੇ ਜਿਸ ਦੇ ਹੱਥਾਂ ਵਿਚ ਕਿਸੇ ਦੇਸ਼ ਜਾਂ ਸੰਸਾਰ ਦਾ ਰਾਜ ਹੋਵੇ ਤਾਂ ਦੇਸ਼, ਸੰਸਾਰ ਸੁਖੀ ਵਸਦਾ ਹੋ ਸਕਦਾ ਹੈ ਅਤੇ ਰਹਿਤ ਨਾਮਿਆਂ ਵਿਚ ਵੀ ਜਿਸ ਉਤੇ ਹਦਾਇਤ ਦਾ ਗੁਰਸਿਖ ਨੂੰ ਬੜੀ ਉਚੀ ਹੁਕਮ ਹੈ:

**ਨਾ ਬੀਨਦ ਦਿਗਰ ਜ਼ਨ ਬ ਚਸ਼ਮੇ ਖੁਦਸ਼** (ਜਿਹੜਾ ਆਦਮੀ ਕਿਸੇ ਗੈਰ ਔਰਤ ਨੂੰ ਬੁਰੀ ਨਿਗਾਹ ਨਾਲ ਨਹੀ ਵੇਖਦਾ)
**ਦਿਗਰ ਜ਼ਨ ਨ ਖੁਦ ਦਸਤ ਅੰਦਾਖਤਨ** (ਜਿਹੜਾ ਆਦਮੀ ਕਿਸੇ ਬੇਗਾਨੀ ਔਰਤ ਨੂੰ ਹੱਥ ਨਹੀ ਪਾਉਂਦਾ)

ਦਸਾਂ ਗੁਰੂਆਂ ਦੀ ਪਵਿੱਤ੍ਰ ਬੰਸਾਵਲੀ ਅਧੀਨ ਛੇਵੇਂ ਗੁਰੂ ਦੇ ਤਿੰਨ ਵਿਆਹਾਂ ਜਾਂ ਮਹਲਾਂ ਵਾਰੇ ਅਤੇ ਦਸਵੇਂ ਗੁਰੂ ਦੇ ਦੋ ਵਿਆਹਾਂ ਜਾਂ ਮਹਲਾਂ ਵਾਰੇ ਦਮਦਮੀ ਟਕਸਾਲ ਵਲੋਂ ਦਰਜ ਜਾਣਕਾਰੀ ਨਾ ਤੇ ਇਹ ਪ੍ਰਭਾਵ ਦੇਂਦੀ ਹੈ ਕਿ ਗੁਰੂ ਸਹਿਬਾਨਾਂ ਨੇ ਇਕ ਤੋਂ ਅੱਗੇ ਦੂਜਾ ਜਾਂ ਤੀਜਾ ਵਿਆਹ ਪਹਿਲੇ ਮਹਲਾਂ ਦੇ ਅਕਾਲ ਚਲਾਣੇ ਕਰ ਗਏ ਹੋਣ ਕਰਕੇ ਜਾਂ ਛੱਡ ਛਡਾਈ ਹੋ ਜਾਣ ਮਗਰੋਂ ਕੀਤੇ ਹੋਣ। ਸਗੋਂ ਦਰਜ ਜਾਣਕਾਰੀ ਇਹ ਹੀ ਪ੍ਰਭਾਵ ਦੇਂਦੀ ਹੈ ਕਿ ਤਿੰਨੇ ਗੁਰੂ ਸਾਹਿਬਾਨ ਇਕੋ ਸਮੇਂ ਵੱਧ ਵਿਆਹਾਂ ਨਾਲ ਜਾਂ ਇਕ ਵਿਆਹ ਨਾਲ ਇਕ ਤੋਂ ਵੱਧ ਮਹੱਲਾਂ ਨਾਲ ਸਰੀਰਕ ਸਬੰਧ ਕਾਇਮ ਕਰੀ ਬੈਠੇ ਸਨ। ਓਦੋਂ ਵੱਧ ਔਰਤਾਂ ਦੇ ਰੱਖਣ ਦਾ ਰੁਝਾਨ ਜਾਂ ਔਰਤਾਂ ਦਾਨ ਕਰਨ ਜਾਂ ਲੈਣ ਦਾ ਰਿਵਾਜ ਹਿੰਦੂ ਅਤੇ ਇਸਲਾਮ ਨਾਲ ਸਬੰਧਤ ਸਮਾਜਾਂ ਵਿਚ ਰੱਜੇ

ਪੁਜੇ ਰਾਜਿਆਂ ਮਹਾਰਾਜਿਆਂ ਦਾ ਸ਼ੋਕ ਸੀ। ਦਮਦਮੀ ਟਕਸਾਲ ਜਾਣੇ ਅਣਜਾਣੇ ਆਪਣੇ ਅਤੇ ਆਪਣੇ ਹੀ ਪੰਥ ਦੇ ਇਨਾਂ ਤਿੰਨਾਂ ਗੁਰੂਆਂ ਨੂੰ ਵਿਆਹਾਂ ਦੇ ਮਸਲੇ ਵਿਚ ਇਸਲਾਮਿਕ ਅਤੇ ਹਿੰਦੂ ਸਮਾਜਾਂ ਦਾ ਪ੍ਰਭਾਵ ਕਬੂਲ ਕਰਕੇ, ਇਨਾਂ ਲੋਕਾਂ ਵਾਂਗਰ ਇਕੋ ਸਮੇਂ ਵੱਧ ਮਹਲਾਂ ਨਾਲ ਸਰੀਰਕ ਸਬੰਧ ਰੱਖਣ ਵਾਲੇ ਸਿਧ ਕਰ ਗਈ ਹੈ। ਇਸ ਨਾਲ, ਇਹ ਸਭ ਕੁਝ ਹੋਰ ਵੀ ਕਿ ਸਿਖ ਗੁਰੂਆਂ ਨੇ ਤੇ ਆਪ ਆਪਣੇ ਮੁਖਾਰਬਿੰਦ ਤੋਂ ਉਚਾਰਣ ਕੀਤੀ ਰੱਬੀ ਬਾਣੀ ਤੇ ਅਮਲ ਨਹੀ ਕੀਤਾ। ਉਹ ਤਾਂ ਆਚਰਣ ਦੇ ਖੁਦ ਕੱਚੇ ਸਨ। ਉਹ ਤਾਂ ਖੁਦ ਮਨੋਂ ਹੋਰ ਮੁਖੋਂ ਹੋਰ, ਕਹਿਣੀ ਦੇ ਹੋਰ, ਕਰਨੀ ਦੇ ਹੋਰ ਸਨ। ਜਿਹੜੇ ਖੁਦ ਹੀ ਅਪੂਰਨ ਹੋਏ, ਉਹ ਪੂਰਨ ਸੱਚੇ ਧਰਮ ਦਾ ਨਿਰਮਾਣ ਹੀ ਕਦ ਕਰ ਪਾਏ? ਜਿਹੜਾ ਆਪਣੀ ਮਤ ਦੀ ਸਿਰਜਣਾ ਕਰਨ ਵਾਲੇ ਗੁਰੂਆਂ ਨੂੰ ਹੀ ਆਪਣੇ ਹੁਕਮ ਅਤੇ ਰਜਾ ਦਾ ਨਾ ਕਰ ਸਕਿਆ, ਉਹ ਹੋਰਨਾਂ ਨੂੰ ਕੀ ਕਰ ਸਕੇਗਾ? ਤਿੰਨ ਗੁਰੂਆਂ ਦੇ ਵੱਧ ਮਹਲਾਂ ਨਾਲ ਸਰੀਰਕ ਸਬੰਧਾਂ ਕਰਕੇ ਜਦ ਗੁਰੂ ਹੀ ਪੂਰਨ ਨਾ ਰਹਿ ਸਕੇ, ਸਿਖ ਧਰਮ ਵੀ ਬਾਕੀਆਂ ਵਾਂਗਰ ਪੂਰਨ ਨਾ ਰਿਹਾ ਅਤੇ ਨਾ ਹੀ ਇਨਾਂ ਦਾ ਅਕਾਲਪੁਰਖ, ਵਾਹਿਗੁਰੂ ਹੀ ਪੂਰਨ। ਇਸ ਨਾਲ ਦਮਦਮੀ ਟਕਸਾਲ ਵੱਲੋਂ ਆਪਣੇ ਆਪ ਨੂੰ ਜਾਣੇ ਅਣਜਾਣੇ ਆਪਣੇ ਹੀ ਧਰਮ ਅਤੇ ਗੁਰੂਆਂ ਵਾਰੇ ਪੰਥ ਵਿਚ ਪ੍ਰਚਲਤ ਇਸ ਸੱਚ ਅਤੇ ਰੱਬੀ ਸਿਧਾਂਤ ਦੇ ਵਿਰੋਧ ਵਿਚ ਖੜ੍ਹਾ ਕਰ ਲਿਆ ਹੈ ਕਿ ਪੂਰੇ ਅਕਾਲ ਪੁਰਖ ਵੱਲੋ ਆਪਣੀ ਮੱਤ, ਸਿਖ ਮੱਤ ਦਾ ਪ੍ਰਕਾਸ਼ ਵੀ ਪੂਰਨ ਗੁਰੂਆਂ ਦੁਆਰਾ ਹੀ ਕਰਵਾਇਆ ਹੋਇਆ ਹੈ।

ਅਕਾਲ ਪੁਰਖ ਆਪਣੀ ਜਿਸ ਬੁਧ=ਸਿਖ ਮੱਤ ਦਾ ਪ੍ਰਗਟਾ, ਸਿਖ ਧਰਮ ਅਤੇ ਇਸ ਨੂੰ ਮੰਨਣ ਵਾਲੇ ਖਾਲਸਾ ਪੰਥ ਦੇ ਰੂਪ ਵਿਚ ਦਸਾਂ ਗੁਰੂਆਂ ਦੁਆਰਾ ਸੰਪੂਰਣ ਕਰਵਾਣ ਜਾ ਰਹੇ ਸਨ ਉਹ ਇਸਲਾਮ, ਹਿੰਦੂ ਅਤੇ ਸੱਭ ਹੋਰ ਧਰਮਾਂ ਤੋਂ ਵੱਖਰੀ, ਨਿਆਰੀ, ਪੂਰਨ ਅਤੇ ਸੱਚ ਹੈ। ਇਸ ਗੱਲ ਦੀ ਗਵਾਹੀ ਸੰਸਾਰ ਦੇ ਨਿਰਸਵਾਰਥ ਧਰਮ ਚਿੰਤਕ ਫਿਲਾਸਫ ਵੀ ਭਰਦੇ ਆ ਰਹੇ ਨੇ ਅਤੇ ਗੁਰਬਾਣੀ ਦਾ ਵੀ ਇਹ ਹੀ ਫੁਰਮਾਨ ਹੈ:

ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥(ਪੰਨਾ 9), ਸਬਦਿ ਸਵਾਰੇ ਸਤਿਗੁਰਿ ਪੂਰੈ ਨਾਨਕ ਸਦ ਬਲਿ ਜਾਸੀ ॥ (ਪੰਨਾ 783), ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥(ਪੰਨਾ 795)।

ਵੇਖੋ, ਭਗਤ ਕਬੀਰ ਜੀ ਜਿਥੇ ਬਿਪਰਨ ਨੂੰ ਭੁਲੀ ਮਾਲਣੀ ਕਹਿਕੇ ਰੱਦ ਕਰਦੇ ਨੇ ਉਥੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲੇ ਹੀ ਇਹ ਭਵਿਖਬਾਣੀ ਵੀ ਕਰਦੇ ਨੇ ਕਿ ਇਸ ਭੁੱਲੀ ਮਾਲਣੀਂ ਤੋਂ ਸਤਿਗੁਰ ਪੂਰੀ ਤਰਾਂ ਜਾਣੂੰ ਹੈ:

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥ ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥ ਭੂਲੀ ਮਾਲਨੀ ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥(ਪੰਨਾ 479)।

ਹੁਣ ਤੇ ਇਸ ਧਰਤ ਦੇ ਇਨਸਾਨ ਨੇ ਗੁਰਬਾਣੀ ਦੇ ਸੱਚ, 'ਕਿਹ ਬਿਧਿ ਸਜਾ ਪ੍ਰਥਮ ਸੰਸਾਰਾ' ਅਨੁਸਾਰ ਇਸ ਪਹਿਲੇ ਸੰਸਾਰ ਦੇ ਚਿੰਨਾਂ ਨੂੰ ਵੀ ਲੱਭਣਾਂ ਸ਼ੁਰੂ ਕਰ ਦਿੱਤਾ ਹੈ ਜਿਸ ਨਾਲ ਇਸੇ ਗੁਰੂ ਦੀ ਇਕ ਹੋਰ ਲਿਖਤ ਦੇ ਸੱਚ ਸਿਧ ਹੋਣ ਦੇ ਅਸਾਰ ਭਾਰੀ ਹੋ ਗਏ ਨੇ।

ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥(ਪੰਨਾ 783) ਭਾਵ, ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥(ਪੰਨਾ 922), ਨੂੰ ਵੀ ਹੁਣ ਤੇ ਕੀਤੀ ਖੋਜ ਦੇ ਅਧਾਰ ਤੇ ਵਗਿਆਨੀਆਂ ਨੇ ਇਨਸਾਨ ਦੇ ਦਿਮਾਗ ਵਿਚ ਕਿਤੇ ਗੁਪਤ ਰੱਬੀ ਗੇਨ (Gene) ਦੀ ਮਜੂਦਗੀ ਦਾ ਨਾਮ ਦੇਕੇ ਸਵਿਕਾਰਨਾਂ ਸ਼ੁਰੂ ਕਰ ਦਿੱਤਾ ਹੈ। ਆਤਮਾਂ ਜਾਂ ਰੂਹ ਉਤੇ ਕੀਤੀ ਜਾ ਰਹੀ ਖੋਜ ਤੋਂ ਵੀ ਗੁਰਮਤਿ ਦੇ ਸੱਚ ਅਨੁਸਾਰ ਸਾਹਮਣੇ ਆ ਰਹੀ ਹੈ। (ਜਰਮਨ ਭਾਸ਼ਾ ਵਿਚ ਖੋਜ ਕਿਤਾਬਾਂ -Das Gehirn Schlüssel zur Unendlickeit ਅਤੇ Handwerk der Freiheit)

ਗੁਰਬਾਣੀ ਵਿਚ ਅੰਤ ਆਤਮਾਂ ਦੇ ਪ੍ਰਮ ਆਤਮਾਂ ਪ੍ਰਮਾਤਮਾਂ ਵਿਚ ਸਮਾਈ ਦੇ ਸਿਧਾਂਤ ਨੂੰ, ਬਿਧੀ ਨੂੰ ਅਤੇ ਗੁਰਸਿਖ ਲਈ ਇਸੇ ਨੂੰ ਹੀ ਜੀਵਨ ਵਿਚ ਅਪਨਾਉਣ ਦੇ ਹੁਕਮ ਬੜੀ ਵਾਰ ਦੁਹਰਾਏ ਮਿਲਦੇ ਹਨ:

ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ ॥੧॥(ਪੰਨਾ 101), ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥੬॥(ਪੰਨਾ 286), ਬੈਠਤ ਊਠਤ ਸੋਵਤ ਜਾਗਤ ਵਿਸਰੁ ਨਾਹੀ ਤੂੰ ਸਾਸ ਗਿਰਾਸਾ ॥੧॥ (ਪੰਨਾ 378), ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ ॥੧॥(ਪੰਨਾ 379), ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ ॥(ਪੰਨਾ 386), ਬੈਠਤ ਹਰਿ ਹਰਿ ਸੋਵਤ ਹਰਿ ਹਰਿ ਹਰਿ ਰਸੁ ਭੋਜਨੁ ਖਾਤਾ ॥(ਪੰਨਾ 532), ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ ॥੧॥(ਪੰਨਾ 810), ਊਠਤ ਬੈਠਤ ਸੋਵਤ ਜਾਗਤ ਇਹੁ

ਮਨੁ ਤੁਝਹਿ ਚਿਤਾਰੈ ॥(ਪੰਨਾ 820), ਊਠਤ ਬੈਠਤ ਸੋਵਤ ਜਾਗਤ ਜੀਅ ਪ੍ਰਾਨ ਧਨ ਮਾਲ ॥੨॥ ਦਰਸਨ ਪਿਆਸ ਬਹੁਤੁ ਮਨਿ ਮੇਰੈ ਨਾਨਕ ਦਰਸ ਨਿਹਾਲ ॥੩॥੮॥੯॥ (ਪੰਨਾ 980), ਊਠਤ ਬੈਠਤ ਸੋਵਤ ਜਾਗਤ ਸਾਸਿ ਸਾਸਿ ਸਾਸਿ ਹਰਿ ਜਪਨੇ ॥੧॥(ਪੰਨਾ 1298)।

ਸੋ ਕਦੇ ਭਵਿਖ ਵਿਚ ਜੇ ਕੋਈ ਗੁਰਸਿਖ ਉਠਦੇ, ਬੈਠਦੇ, ਸੁਤੇ ਜਾਗਦੇ ਅਟੁਟ ਨਾਮ ਜਪਣ ਦੀ ਉਚ ਅਧਿਆਤਮਕ ਅਵਸਥਾ ਵਿਚ ਪਹੁੰਚੇਗਾ ਅਤੇ ਉਸ ਦਾ ਆਪਣਾ ਦੁਖ, ਭੁੱਖ ਭਾਵੇਂ ਖਤਮ ਹੋ ਗਏ ਹੋਣਗੇ ਪਰ ਇਸ ਦੇ ਸਮਾਨ ਅੰਤਰ ਬਾਕੀ ਉਸ ਦੇ ਸਰੀਰਕ ਅਤੇ ਦੁਨੀਆਵੀ ਕਾਰਜ ਵੀ ਨਰਵਿਘਨ ਚਲ ਰਹੇ ਹੋਣਗੇ। ਹੁਣ ਤੇ ਸੰਸਾਰ ਉਤੇ ਕੁਦਰਤੀ ਹੀ ਇਕ ਹੋਇਆ ਤਜਰਬਾ ਇਹ ਸਿਧ ਕਰ ਗਿਆ ਹੈ ਕਿ ਕਿਸੇ ਬਿਧ, ਇਨਸਾਨੀ ਦਿਮਾਗ ਦਾ ਇਕ ਹਿੱਸਾ ਹੀ ਜਾਂ ਇਸ ਨਾਲ ਦੂਜਾ ਹਿੱਸਾ ਸਿਖਰ ਇਕਾਗਰਤਾ ਨਾਲ ਇਕੋ ਸਮੇਂ ਦੋ ਹੱਥਾਂ ਤੋਂ ਦੋ ਕੰਮਾਂ ਨੂੰ ਸਫਲਤਾ ਪੂਰਵਕ ਨੇਪਰੇ ਚੜ੍ਹਵਾ ਸਕਦਾ ਹੈ ਸਗੋਂ ਇਸ ਤੋਂ ਵੀ ਵੱਧ। ਜਿਵੇਂ ਪਹਿਲੋਂ ਨਾ ਪਤਾ, ਕਿਸੇ ਵਲੋਂ ਤੇਜੀ ਨਾਲ ਬੋਲੀ ਜਾ ਰਹੀ ਇਬਾਰਤ ਨੂੰ ਇਕੋ ਸਮੇਂ ਦੋ ਪੇਪਰਾਂ ਤੇ ਇਕ ਹੱਥ ਨਾਲ ਆਮ ਲਿਖਾਈ ਵਿਚ ਅਤੇ ਦੂਜੇ ਹੱਥ ਨਾਲ ਸ਼ੀਸ਼ੇ ਵਿਚ ਪੜ੍ਹੀ ਜਾਣ ਵਾਲੀ ਪੁੱਠੀ ਲਖਾਈ ਵਿਚ ਬਿਨਾਂ ਕਿਸੇ ਗਲਤੀ ਲਿਖ ਜਾਣਾਂ।

ਸੋ ਅਕਾਲ ਪੁਰਖ ਗੁਰੂਆਂ ਦੁਆਰਾ ਆਪਣੀ ਮਤ ਦੀ ਪੂਰਣ ਕਲਾ ਕਿਰਤ ਸਿਖ ਮਤ ਪ੍ਰਗਟਾ ਰਹੇ ਸਨ। ਉਹ ਇਸ ਦੀ ਸ਼ੁਰੂਆਤ ਤੋਂ ਸੰਪੂਰਣਤਾ ਤੱਕ ਇਸ ਦੇ ਨਿਰਮਾਣ ਵਿਚ ਪੂਰਨ ਗੁਰੂਆਂ ਦੁਆਰਾ ਕਦੇ ਕੋਈ ਕਮਜੋਰੀ ਕੋਈ ਕਮੀ ਘਾਟ, ਕੱਚ ਰਹਿਣ ਹੀ ਨਹੀ ਦੇ ਸਕਦੇ ਸਨ ਜਿਸ ਕਰਕੇ ਇਸ ਦੀ ਪੂਰਣਤਾ ਨੂੰ ਕਦੇ ਕੋਈ ਆਮ ਤੋਂ ਰੌਸ਼ਨ ਦਿਮਾਗ ਇਨਸਾਨ ਤੱਕ ਚੈਲਿੰਜ ਕਰ ਸਕਦਾ। ਗੁਰਬਾਣੀ ਇਕ ਨੂੰ ਸੱਚੇ ਮੁਸਲਮਾਨ ਦੀ ਨਵੀਂ ਪ੍ਰਭਾਸ਼ਾ ਦੱਸ ਰਹੀ ਹੈ ਅਤੇ ਦੂਜੇ ਬਿਪਰਨ ਨੂੰ ਬੰਦਾ ਮੰਨਣ ਲਈ ਵੀ ਤਿਆਰ ਨਹੀ। ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ।।(ਪੰਨਾ 1350)।

ਜੇ ਦਸਾਂ ਜਾਮਿਆਂ ਵਿਚ ਵਿਚਰੀ ਇਕੋ ਸਤਿਗੁਰ ਜੋਤ ਨੂੰ ਪੰਜ ਜਾਮਿਆਂ ਵਿਚ ਕਿਸੇ ਹੋਰ ਦਾ ਪ੍ਰਭਾਵ ਕਬੂਲ ਨਹੀ ਹੋਇਆ ਅਤੇ ਉਨਾਂ ਦਾ ਇਕੋ ਮਹਲ ਰਿਹਾ, ਇਕੋ ਮਨ ਅਤੇ ਮੁਖ, ਇਕੋ ਕਹਿਣੀ ਅਤੇ ਕਰਨੀ ਤਾਂ ਇਸੇ ਇਕੋ ਜੋਤ ਨੂੰ ਬਾਕੀ ਪੰਜ ਜਾਮਿਆਂ ਵਿਚ ਵਿਚਰਦਿਆਂ ਵੀ ਇਹ ਹੀ ਪਿਆਰਾ ਰਿਹਾ ਜੋ ਪਹਿਲੇ ਪੰਜ ਜਾਮਿਆਂ ਵਿਚ। ਜੇ ਇਸ ਸਤਿਗੁਰ ਜੋਤ ਨੂੰ ਪੰਜਾਂ ਜਾਂਮਿਆਂ ਤੱਕ ਛੇ ਸਾਲ ਦੀ ਉਮਰੇ, ਇਕ ਮਹੱਲ ਨਾਲ ਵਿਆਹ ਤੱਕ ਮਨਜੂਰ ਨਹੀ ਸੀ ਤਾਂ ਸਤਵੇਂ ਜਾਮੇ ਵਿਚ ਇਸੇ ਸਤਿਗੁਰ ਜੋਤ ਨੂੰ ਇਸੇ ਉਮਰੇ ਅੱਠ ਮਹਲ ਵੀ ਕਦਾਚਿਤ ਮਨਜੂਰ ਨਹੀ ਸਨ। ਜੇ ਇਸ ਸਤਿਗੁਰ ਜੋਤ ਨੂੰ ਪੰਜਾਂ ਜਾਂਮਿਆਂ ਤੱਕ ਆਪਣੇ ਅਕਾਲਪੁਰਖ ਦੇ ਹੁਕਮ ਮੁਤਾਬਕ ਗ੍ਰਹਿਸਤ ਸਿਰਫ ਤੇ ਸਿਰਫ ਇਕ ਮਹਲ ਨਾਲ ਹੀ ਪਿਆਰਾ ਸੀ ਤਾਂ ਇਸੇ ਸਤਿਗੁਰ ਜੋਤ ਨੂੰ ਛੇਵੇਂ, ਸੱਤਵੇਂ ਜਾਂ ਦਸਵੇਂ ਜਾਮੇ ਵਿਚ ਵੀ ਗ੍ਰਹਿਸਤ ਆਪਣੇ ਅਕਾਲਪੁਰਖ ਦੇ ਹੁਕਮ ਮੁਤਾਬਕ ਇਕ ਹੀ ਮਹਲ ਨਾਲ ਪਿਆਰਾ ਰਿਹਾ ਹੋ ਸਕਦਾ ਹੈ। ਸੋ ਸਿੱਟਾ: ਨਾ ਅਕਾਲ ਪੁਰਖ ਹੀ ਅਪੂਰਨ, ਨਾ ਗੁਰੂ ਹੀ ਅਪੂਰਣ, ਨਾ ਅਕਾਲਪੁਰਖ ਦੀ ਮੌਜ ਤੇ ਉਸ ਦੀ ਬੁਧ, ਪਰਗਟਿਆ ਸਿਖ ਧਰਮ ਹੀ ਅਪੂਰਨ। ਜੇ ਅਪੂਰਨ, ਅਧੂਰੇ ਕੱਚੇ ਅਤੇ ਗਲਤ ਹਨ ਤਾਂ ਸਿਰਫ ਤੇ ਸਿਰਫ ਤਿੰਨਾਂ ਗੁਰੂਆਂ ਨਾਲ ਵੱਧ ਮਹਲਾਂ ਦੀ ਗੱਲ, ਅਤਿ ਅਪੂਰਨ, ਅਧੂਰਣ ਅਤੇ ਕੱਚੀ ਜਾਣਕਾਰੀ ਦੇ ਅਧਾਰ ਉਤੇ ਬਿਨਾਂ ਗੁਰਮਤਿ ਦੀ ਕਸਵੱਟੀ ਤੇ ਤੋਲੇ ਹੀ ਜੋੜ ਦੇਣ ਵਾਲੇ, ਇਸ ਨੂੰ ਮਾਣ ਨਾਲ ਪ੍ਰਚਾਰਨ ਅਤੇ ਡਿਫੈਂਸ ਕਰਨ ਵਾਲੇ।

**4)** ਇਥੇ ਸੁਣਾਈ ਜਾਣ ਵਾਲੀ ਇਤਿਹਾਸਕ ਘਟਨਾਂ ਦਾ ਪਤਾ ਆਪਜੀ ਵਲੋਂ ਵਿਸ਼ਵ ਸਿਖ ਸਮੇਲਣ ਸੱਦਣ ਅਤੇ ਇਸ ਦੇ ਸਬੰਧ ਵਿਚ ਆਪਜੀ ਨੂੰ ਲਿਖਣ ਦਾ ਗੁਰੂ ਹੁਕਮ ਮਹਿਸੂਸ ਹੋ ਜਾਣ ਮਗਰੋਂ ਕੁਦਰਤੀ ਇਕ C D ਨੂੰ ਸੁਣਨ ਤੋਂ ਲੱਗਾ। ਨੇਕ ਚਾਹਤ ਪੈਦਾ ਕਰਨ ਵਾਲਾ ਵੀ ਉਹ ਹੀ, ਇਸ ਦੀ ਪੂਰਤੀ ਲਈ ਚਾਹੀਦਾ ਇਕੱਤਰ ਕਰਵਾਈ ਜਾਣ ਵਾਲਾ ਵੀ ਉਹ ਹੀ, ਸਮਾਂ ਲਿਆਉਣ ਵਾਲਾ ਵੀ ਉਹ ਹੀ, ਆਪਣੀ ਕੱਠਪੁਤਲੀ ਇਨਸਾਨ ਦੀ ਚਾਹਤ ਪੂਰੀ ਕਰਵਾਣ ਵਾਲਾ ਵੀ ਉਹ ਹੀ। ਇਸ ਤਰਾਂ ਆਪਣੀ ਹੋਂਦ ਅਤੇ ਹੋਂਦ ਨਾਲ ਸਬੰਧਤ ਫਲਸਫੇ ਉਤੇ, ਆਪਣੀ ਸਾਜੀ ਕੁਦਰਤ ਵਿਚ ਆਪਣੇ ਨਿਯਮਾਂ ਦੀ ਖੇਲ ਦੁਆਰਾ ਇਨਸਾਨ ਦਾ ਵਿਸ਼ਵਾਸ਼ ਅਡੋਲ ਕਰਵਾਈ ਜਾਣ ਵਾਲਾ ਵੀ ਉਹ ਹੀ।

ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ ॥(ਪੰਨਾ 555) ਨਾਮ ਦੀ C D ਵਿਚ ਮੇਰੇ ਗੁਰੂ ਦੇ ਪਿਆਰੇ ਵਿਦਵਾਨ ਰਾਗੀ ਜਥਾ ਜੀ ਕਲਜੁਗ ਵਿਚ ਪ੍ਰਧਾਨ ਗੁਰਬਾਣੀ ਕੀਰਤਨ ਕਰਦੇ ਹੋਏ ਦਸ਼ਮੇਸ਼ ਪਿਤਾ ਜੀ ਦਾ ਇਹ ਸ਼ਬਦ, ਜਿਸ ਵਿਚ ਉਹ ਆਪਣੇ ਸਿਖ ਨੂੰ ਨਸੀਹਤ ਕਰਦੇ ਹਨ ਕਿ ਐ ਮੇਰੇ ਰੂਪ ਖਾਲਸੇ, ਮੈਨੂੰ ਤੇਰੀ ਰਹਿਤ ਪਿਆਰੀ ਹੈ, ਰਹਿਤ ਤੋਂ ਬਿਨਾਂ ਮੈਨੂੰ ਤੇਰਾ ਬਾਹਰੀ ਸਿਖ ਸਰੂਪ ਪਿਆਰਾ ਨਹੀ, ਸਣਾਉਦੇ ਨੇ। ਨਾਲ ਸਿਖ ਨੂੰ ਦ੍ਰਿੜ ਕਰਵਾਈਆਂ ਕਈ ਰਹਿਤਾਂ

ਵਿਚੋਂ ਇਕ, 'ਪਰ -ਬੇਟੀ ਕੋ ਬੇਟੀ ਜਾਨੈ।। ਪਰ ਇਸਤ੍ਰੀ ਕੋ ਮਾਤ ਬਖਾਨੈ।।' ਦੀ ਵਿਆਖਿਆ ਕਰਦੇ ਹੋਏ ਇਸ ਇਤਿਹਾਸ ਘਟਨਾਂ ਦਾ ਜ਼ਿਕਰ ਕਰਦੇ ਨੇ। ਇਸ ਨੂੰ ਸੁਣਨ ਵਾਲੇ ਪ੍ਰਾਣੀ ਨੂੰ ਬੇਨਤੀ ਵੀ ਕਰਦੇ ਨੇ ਕਿ ਉਹ ਇਸ ਨੂੰ ਆਪਣੇ ਬੱਚਿਆਂ ਨੂੰ, ਪ੍ਰਵਾਰ ਨੂੰ ਅਤੇ ਹੋਰ ਸਕੇ ਸਬੰਧੀਆਂ ਨੂੰ ਅਤੇ ਦੋਸਤਾਂ ਮਿਤਰਾਂ ਨੂੰ ਵੀ ਸੁਣਾਵੇ।

"ਅੱਧੀ ਰਾਤ ਦਾ ਵੇਲਾ, ਦੱਰਾ ਖੈਬਰ, ਪਠਾਣਾਂ ਦਾ ਇਲਾਕਾ, ਝਾੜੀਆਂ ਦੇ ਉਹਲੇ ਇਕ ਪਠਾਣ ਗੁਲਖਾਨ ਬੈਠਾ ਹੈ। ਕੋਲ ਇਸ ਦੇ ਇਕ ਪਠਾਣ ਲੜਕੀ ਬਾਨੋ ਬੈਠੀ ਹੈ। ਬਾਨੋ ਕਹਿ ਰਹੀ ਹੈ ਕਿ ਐ ਗੁਲਖਾਨ, ਇਹ ਵੇਖਣਾਂ ਹੈ ਕਿ ਇਹ ਜਿਹੜਾ ਮਹਾਰਾਜਾ ਰਣਜੀਤ ਸਿਘ ਦਾ ਜਰਨੈਲ ਹੈ, ਹਰੀ ਸਿੰਘ ਨਲੂਆ, ਇਹ ਕੇਹੋ ਜਿਹਾ ਸਰਦਾਰ ਏ? ਜਿਸ ਨੇ ਪਠਾਣਾਂ ਨੂੰ ਹਰਾ ਦਿੱਤਾ, ਉਹ ਵੀ ਪਠਾਣਾਂ ਦੇ ਇਲਾਕੇ ਵਿਚ ਆਕੇ, ਕਿਉਂਕਿ ਅੱਜ ਤੱਕ ਕੋਈ ਪਠਾਣਾਂ ਨੂੰ ਹਰਾ ਨਹੀ ਸਕਿਆ। ਪਠਾਣ ਕਹਿਣ ਲੱਗਾ, ਬਾਨੋ ਇਹ ਪਰਾਈ ਕੌਮ ਦਾ ਸਰਦਾਰ ਏ ਤੇ ਪਰਾਈ ਕੌਮ ਦੇ ਸਰਦਾਰ ਧੀਆਂ ਭੈਣਾਂ ਦੀ ਇੱਜ਼ਤ ਨਹੀ ਕਰਦੇ। ਬਾਨੋ ਕਹਿਣ ਲੱਗੀ ਐ ਗੁਲਖਾਨ, ਮੈਂ ਲੋਕਾਂ ਤੋਂ ਸੁਣਿਆ, ਇਹ ਜਿਹੜੇ ਗੁਰੂ ਨਾਨਕ ਦੇ ਸਿਖ ਨੇ, ਇਹ ਧੀਆਂ ਭੈਣਾਂ ਦੀ ਬੜੀ ਇਜਤ ਕਰਦੇ ਨੇ। ਪਰ ਗੁਲਖਾਨ ਨੇ ਕਿਹਾ, ਕੁਝ ਵੀ ਹੋਵੇ, ਮੈ ਤੈਨੂੰ ਜਾਣ ਨਹੀਂ ਦੇਣਾਂ। ਬਾਨੋ ਨੇ ਗੁਲਖਾਨ ਨੂੰ ਧੱਕਾ ਮਾਰਿਆ, ਝਾੜੀਆਂ ਦੇ ਉਹਲੇ ਉਹਲੇ ਨਿਕਲਕੇ ਜਿਉਂ ਭੱਜੀ, ਉਸ ਜਗਾ ਆ ਪਹੁੰਚੀ ਜਿਥੇ ਹਰੀ ਸਿੰਘ ਨਲੂਏ ਦੇ ਤੰਬੂ ਲੱਗੇ ਨੇ। ਤੰਬੂ ਦੇ ਬਾਹਰ ਪਹਿਰੇਦਾਰ ਸਿੰਘ ਤਿਆਰਬਰ ਤਿਆਰ ਖੜੇ ਨੇ। ਉਨਾਂ ਪੁਛਿਆ, ਬੀਬੀ ਕੌਣ ਏਂ? ਕੀ ਚਾਹੀਦਾ ਏ? ਇਹ ਕਹਿਣ ਲੱਗੀ, ਮੇਰਾ ਨਾਮ ਬਾਨੋ ਏ, ਮੈ ਤੁਹਾਡੇ ਸਰਦਾਰ ਨੂੰ ਮਿਲਣਾਂ ਏ। ਪਹਿਰੇਦਾਰ ਸਿੰਘ ਨੇ ਕਿਹਾ, ਬੀਬੀ ਅੱਧੀ ਰਾਤ ਦਾ ਵੇਲਾ ਏ, ਕੋਈ ਜਰੂਰੀ ਕੰਮ ਏ? ਬਾਨੋ ਕਹਿਣ ਲੱਗੀ ਹਾਂ ਮੈਨੂੰ ਜਰੂਰੀ ਕੰਮ ਐ। ਤਾਂ ਪਹਿਰੇਦਾਰ ਸਿੰਘ ਨੇ ਕਿਹਾ, ਚੰਗਾ ਬਾਨੋ ਤੂੰ ਠਹਿਰ, ਮੈ ਹਰੀ ਸਿੰਘ ਨਲੂਏ ਜੀ ਨੂੰ ਪੁੱਛਕੇ ਆਉਂਦਾ ਹਾਂ। ਥੋੜੀ ਦੇਰ ਵਾਅਧ ਪਹਿਰੇਦਾਰ ਸਿੰਘ ਬਾਹਰ ਆਇਆ ਤੇ ਕਹਿਣ ਲੱਗਾ, ਜਾਹ ਬਾਨੋ ਸਿੰਘ ਸਾਹਿਬ ਤੇਰਾ ਇੰਤਜ਼ਾਰ ਕਰਦੇ ਨੇ। ਇਹ ਬਾਨੋ ਤੰਬੂ ਵਿਚ ਜਾਣ ਲੱਗੀ ਤਾਂ ਪਹਿਲਾ ਸਿੰਘ ਕਹਿੰਦਾ ਏ, ਬਾਨੋ ਨੇ ਕਮਰ ਨਾਲ ਕਟਾਰ ਬੰਨੀ ਹੋਈ ਏ। ਤਾਂ ਦੂਜਾ ਸਿੰਘ ਕਹਿੰਦਾ, ਕੋਈ ਗੱਲ ਨਹੀ, ਔਰਤ ਜਾਤ ਏ। ਫਿਰ ਸਿਖਾਂ ਦੇ ਘਰ ਦੁਸ਼ਮਣ ਵੀ ਆਵੇ, ਜੀ ਆਇਆਂ ਨੂੰ। ਜਾਹ ਬੀਬੀ ਅੰਦਰ ਲੰਘ ਜਾਹ। ਇਹ ਬਾਨੋ ਤੰਬੂ ਵਿਚ ਦਾਖਲ ਹੋਈ ਤਾਂ ਸਾਧ ਸੰਗਤ ਕੀ ਤਕਦੀ ਏ? ਸਾਹਮਣੇ ਮਹਾਰਾਜਾ ਰਣਜੀਤ ਸਿੰਘ ਦਾ ਜਰਨੈਲ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ, ਕਲਗੀਆਂ ਵਾਲੇ ਪਿਤਾ ਦਾ ਲਾਡਲਾ ਸਿੰਘ, ਹਰੀ ਸਿੰਘ ਨਲੂਆ ਬੈਠਾ ਹੈ। ਇਨੇ ਜਾਂਦਿਆਂ ਕਿਹਾ, ਸਰਦਾਰ ਜੀ ਸਤਿ ਸ੍ਰੀ ਅਕਾਲ। ਹਰੀ ਸਿੰਘ ਨਲੂਆ ਕਹਿੰਦੇ ਨੇ, ਆ ਬਾਨੋ, ਸਤਿ ਸ੍ਰੀ ਅਕਾਲ। ਬਾਨੋ ਕਹਿਣ ਲੱਗੀ ਮੈ ਕੁਝ ਪੁਛਣਾਂ? ਪਹਿਲੀ ਗਲ ਤੁਸਾਂ ਦੱਰਾ ਖੈਬਰ ਤੇ ਕਬਜਾ ਕਿਉਂ ਕੀਤਾ? ਹਰੀ ਸਿੰਘ ਨਲੂਆ ਕਹਿਣ ਲੱਗੇ ਬਾਨੋ, ਇਸ ਗਲ ਦਾ ਜਬਾਬ ਮੈਨੂੰ ਤੂੰ ਦੇਹ। ਆਪਣੇ ਦੇਸ਼, ਆਪਣੇ ਘਰ ਦੀ ਰਾਖੀ ਕਰਨ ਦਾ ਹੱਕ ਇਨਸਾਨ ਨੂੰ ਹੈ ਕਿ ਨਹੀ? ਬਾਨੋ ਕਹਿਣ ਲੱਗੀ , ਹੱਕ ਹੈ। ਤਾਂ ਹਰੀ ਸਿੰਘ ਨਲੂਆ ਕਹਿਣ ਲੱਗੇ, ਬਾਨੋ ਫਿਰ ਸੁਣ, ਅੱਜ ਤੱਕ ਪੰਜਾਬ ਉਤੇ, ਹਿੰਦੋਸਤਾਨ ਉਤੇ ਜਿੰਨੇ ਹਮਲੇ ਹੋਏ, ਏਸੇ ਰਸਤੇ ਤੋਂ ਹੋਏ। ਅੱਜ ਇਸ ਦੱਰਾ ਖੈਬਰ, ਖਾਲਸੇ ਨੇ ਕੇਸਰੀ ਨਿਸ਼ਾਨ ਸਾਹਿਬ ਏਸ ਲਈ ਝੁਲਾਇਆ ਏ ਤਾਂ ਕਿ ਅੱਜ ਤੋਂ ਵਾਅਧ ਕੋਈ ਸਾਡੇ ਘਰ ਨੂੰ ਹਿੰਦੋਸਤਾਨ ਨੂੰ ਲੁੱਟ ਨਾ ਸਕੇ। --- ਫਿਰ ਬਾਨੋ ਨੇ ਪੁਛਿਆ, ਤੁਸੀਂ ਹਾਰਦੇ ਨਹੀ, ਗਿਣਤੀ ਤੁਹਾਡੀ ਥੋੜੀ, ਜਿਤਦੇ ਜਾਂਦੇ ਹੋ। ਤਾਂ ਹਰੀ ਸਿੰਘ ਨਲੂਆ ਕਹਿਣ ਲੱਗੇ, ਬਾਨੋ ਪਹਿਲੀ ਗਲ ਹੈ ਖੰਡੇ ਬਾਟੇ ਦਾ ਅਮ੍ਰਿੰਤ ਛਕਿਆ, ਓਟ ਅਕਾਲ ਪੁਰਖ ਦੀ, ਕਲਗੀਆਂ ਵਾਲਾ ਅੰਗ ਸੰਗ, ਲੜਦੇ ਹਾਂ ਲੋਕਾਂ ਦੇ ਭਲੇ ਵਾਸਤੇ, ਜ਼ੁਲਮ ਨਹੀ ਕਰਦੇ, ਜ਼ੁਲਮ ਦੇ ਖਿਲਾਫ ਲੜਦੇ ਹਾਂ। ਇਸ ਵਾਸਤੇ ਜਿਧਰ ਵੀ ਜਾਂਦੇ ਹਾਂ, ਸਾਡੀ ਜਿਤ ਹੁੰਦੀ ਏ। ਗੱਲਾਂ ਤੇ ਹੋਰ ਵੀ ਹੋਈਆਂ। ਇਨਾਂ ਗੱਲਾਂ ਦਾ ਐਸਾ ਅਸਰ ਹੋਇਆ, ਆਖਰ ਇਹ ਬਾਨੋ ਕਹਿ ਉਠੀ, ਹਰੀ ਸਿੰਘ ਜੀ ਮੇਰੀ ਇਛਾ ਹੈ ਕਿ ਅਗਰ ਮੇਰਾ ਕੋਈ ਪੁੱਤਰ ਹੋਵੇ ਤਾਂ ਹਰੀ ਸਿੰਘ ਨਲੂਏ ਵਰਗਾ ਹੋਵੇ। ਹਰੀ ਸਿੰਘ ਕਹਿਣ ਲੱਗੇ, ਬਾਨੋ ਸ਼ਕਲ ਕੇਹੋ ਜਹੀ ਵੀ ਹੋਵੇ, ਸੂਰਤ ਕੇਹੋ ਜਹੀ ਵੀ ਹੋਵੇ, ਪੁੱਤਰ ਨੇਕ ਹੋਣਾਂ ਚਾਹੀਦਾ ਏ। ਜਿਹੜਾ ਦੇਸ਼, ਕੌਮ, ਸਮਾਜ ਦੀ ਸੇਵਾ ਕਰੇ। ਬਾਨੋ ਕਹਿਣ ਲੱਗੀ, ਨਹੀ। ਤੁਹਾਡੇ ਵਰਗਾ ਪੁੱਤਰ ਚਾਹੀਦਾ ਏ। ਹਰੀ ਸਿੰਘ ਨਲੂਆ ਫਿਰ ਕਹਿੰਦੇ ਨੇ, ਐ ਬਾਨੋ ਕਈ ਵਾਰੀ ਸ਼ਕਲ ਚੰਗੀ ਹੁੰਦੀ ਏ, ਬੰਦਾ ਬੜਾ ਭੈੜਾ ਹੁੰਦਾ ਏ। ਉਸ ਅੱਲਾ ਕੋਲੋਂ ਇਹ ਮੰਗ, ਅੱਲਾ ਤੈਨੂੰ ਪੁੱਤਰ ਨੇਕ ਦੇਵੇ। ਧਰਮ ਕੋਈ ਵੀ ਹੋਵੇ, ਪੁੱਤਰ ਨੇਕ ਹੋਣਾਂ ਚਾਹੀਦਾ। ਇਨਸਾਨ ਨੇਕ ਹੋਣਾਂ ਚਾਹੀਦਾ ਜਿਹੜਾ ਦੁਨੀਆਂ ਦੀ ਸੇਵਾ ਕਰੇ। ਬਾਨੋ ਕਹਿਣ ਲੱਗੀ ਨਹੀ, ਤੁਹਾਡੇ ਵਰਗਾ ਹੀ ਪੁੱਤਰ ਚਾਹੀਦਾ। ਤੁਸੀ ਮੇਰੇ ਨਾਲ ਨਿਕਾਹ ਕਰਵਾ ਲਵੋ। ਤੁਸੀ ਮੇਰੇ ਨਾਲ ਵਿਆਹ ਕਰਵਾ ਲਵੋ। ਜਦ ਇਹ ਸੁਣਿਆਂ, ਹਰੀ ਸਿੰਘ ਨਲੂਆ ਉਠਕੇ ਖੜੇ ਹੋ ਗਏ। ਅੱਖਾਂ ਗੁੱਸੇ ਨਾਲ ਲਾਲ ਹੋ ਗਈਆਂ ਔਰ ਹਰੀ ਸਿੰਘ ਨਲੂਆ ਕਹਿਨ ਲੱਗੇ, ਬਾਨੋ ਜਾਹ, ਚਲੀ ਜਾਹ। ਤੂੰ ਮੈਨੂੰ ਡੇਗਣ ਆਈ ਏਂ? ਤੈਨੂੰ ਪਤਾ ਮੇਰੇ ਕਲਗੀਆਂ ਵਾਲੇ ਦਾ ਹੁਕਮ ਕੀ ਏ? 'ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ' ਜਾਹ ਚਲੀ ਜਾਹ। ਤੂੰ ਮੈਨੂੰ ਡੇਗਣ ਆਈ ਏਂ? ਬਾਨੋ ਵਾਪਸ ਤਾਂ ਮੁੜੀ ਪਰ ਸਾਧ ਸੰਗਤ, ਵਾਪਸ ਮੁੜਦੀ ਹੋਈ ਬਾਨੋ

ਨੇ ਇਕ ਤਾਹਨਾਂ ਮਾਰਿਆ। ਕਹਿਣ ਲੱਗੀ, ਉਹ ਹਰੀ ਸਿੰਘ ਮੈ ਲੋਕਾਂ ਕੋਲੋਂ ਸੁਣਿਆ ਏ, ਜਿਹੜਾ ਗੁਰੂ ਨਾਨਕ ਦੇ ਦਰ ਜਾਂਦਾ ਉਹ ਕਦੇ ਖਾਲੀ ਨਹੀ ਮੁੜਦਾ। ਪਰ ਹਰੀ ਸਿੰਘ ਅੱਜ ਇਹ ਗੱਲ ਝੂਠ ਹੋ ਗਈ। ਮੈ ਇਕ ਸਿਖ ਦੇ ਘਰੋਂ ਖਾਲੀ ਮੁੜ ਚੱਲੀ ਹਾਂ। ਸਾਧ ਸੰਗਤ ਆਵੇ ਗੁਰੂ ਦਾ ਨਾਮ, ਹੋਵੇ ਕੋਈ ਗੁਰੂ ਦਾ ਸਿਖ, ਫਿਰ ਬੈਠਾ ਰਹੇ, ਇਹ ਕਿਵੇਂ ਹੋ ਸਕਦਾ ਏ? ਹਰੀ ਸਿੰਘ ਨਲੂਆ ਕਹਿਣ ਲੱਗੇ ਬਾਨੋ ਠਹਿਰ ਜਾ, ਠਹਿਰ ਜਾ ਬਾਨੋ। ਨਾਲੇ ਹਰੀ ਸਿੰਘ ਨੇ ਆਪਣੇ ਹੱਥ ਜੋੜ ਲਏ, ਮਨ ਭਰ ਆਇਆ, ਅੱਖਾਂ ਵਿਚ ਪਿਆਰ ਦੇ ਅੱਥਰੂ ਆਏ। ਦੋਨੋਂ ਹੱਥ ਜੋੜਕੇ ਹਰੀ ਸਿੰਘ ਨਲੂਆ ਅਕਾਸ਼ ਵਲ ਨੂੰ ਕਰਦੇ ਹਨ ਤੇ ਨਾਲੇ ਕਹਿੰਦੇ ਹਨ, ਬਾਨੋ ਮੇਰੇ ਬਾਬੇ ਨਾਨਕ ਦਾ ਨਾਮ ਲਿਆ ਹੈ, ਮੇਰੇ ਬਾਬੇ ਨਾਨਕ ਦਾ ਘਰ ਏ। ਉਸ ਦਾ ਦਰ ਬੜਾ ਉਚਾ ਏ। ਉਸ ਦੇ ਦਰ ਤੋਂ ਕਦੇ ਕੋਈ ਖਾਲੀ ਨਹੀ ਮੁੜਦਾ। ਕੋਈ ਜਾਵੇ ਤਾਂ ਸਹੀ ਸ਼ਰਧਾ ਦੇ ਨਾਲ। ਤੇ ਸਿਖ, ਸਿਖ ਕੋਈ ਹੋਵੇ ਸਹੀ, ਸਿਖ ਦੇ ਘਰੋਂ ਵੀ ਕਦੇ ਕੋਈ ਖਾਲੀ ਨਹੀ ਮੁੜਦਾ। ਤੇ ਬਾਨੋ ਅੱਜ ਸਿਖ ਦੇ ਘਰੋਂ ਤੂੰ ਵੀ ਖਾਲੀ ਨਹੀ ਮੁੜੇਂਗੀ। ਇੰਨੀ ਗਲ ਕਹਿਕੇ ਹਰੀ ਸਿੰਘ ਨਲੂਏ ਨੇ ਪਹਿਰੇਦਾਰ ਸਿੰਘ ਨੂੰ ਆਵਾਜ ਮਾਰੀ ਅਤੇ ਕਿਹਾ, ਸਿੰਘਾ ਨਾਲ ਦੇ ਤੰਬੂ ਵਿਚੋਂ ਦੋਸ਼ਾਲਾ ਲੈਕੇ ਆ। ਕੀਮਤੀ ਸ਼ੌਲ ਜਦ ਪਹਿਰੇਦਾਰ ਲੈਕੇ ਆਇਆ ਤਾਂ ਸਾਧ ਸੰਗਤ, ਹਰੀ ਸਿੰਘ ਨਲੂਆ ਕਹਿਣ ਲੱਗੇ, ਸਿੰਘਾ ਇਹ ਸ਼ੌਲ ਬਾਨੋ ਦੇ ਸਿਰ ਉਤੇ ਪਾ ਦਿਓ। ਪਹਿਰੇਦਾਰ ਸਿੰਘ ਨੇ ਉਹ ਸ਼ੌਲ ਜਦ ਬਾਨੋ ਦੇ ਸਿਰ ਤੇ ਪਾਇਆ, ਸਾਧ ਸੰਗਤ ਉਸ ਵੇਲੇ ਹਰੀ ਸਿੰਘ ਨਲੂਆ, ਉਹ ਮਹਾਰਾਜਾ ਰਣਜੀਤ ਸਿੰਘ ਦਾ ਜਰਨੈਲ, ਕਲਗੀਆਂ ਵਾਲੇ ਪਿਤਾ ਦਾ ਲਾਡਲਾ ਸਿੰਘ, ਹਰੀ ਸਿੰਘ ਨਲੂਆ, ਹੱਥ ਜੋੜਕੇ ਬਾਨੋ ਦੇ ਸਾਹਮਣੇ ਖੜੇ ਹੋਏ ਤੇ ਕਹਿਣ ਲੱਗੇ, ਬਾਨੋ ਤੈਨੂੰ ਹਰੀ ਸਿੰਘ ਨਲੂਏ ਵਰਗਾ ਪੁਤਰ ਚਾਹੀਦਾ। ਤੇ ਲੈ ਫਿਰ ਅੱਜ ਤੋਂ ਇਹ ਹਰੀ ਸਿੰਘ ਨਲੂਆ ਤੇਰਾ ਪੁੱਤਰ ਹੋਇਆ, ਤੂੰ ਹਰੀ ਸਿੰਘ ਦੀ ਧਰਮ ਦੀ ਮਾਂ ਏਂ। ਇਹ ਕਹਿੰਦਿਆਂ ਹਰੀ ਸਿੰਘ ਨਲੂਆ ਨੇ ਆਪਣਾ ਸਿਰ ਬਾਨੋ ਦੇ ਪੈਰਾਂ ਤੇ ਰੱਖ ਦਿੱਤਾ। ਜਦ ਹਰੀ ਸਿੰਘ ਨਲੂਏ ਨੇ ਬਾਨੋ ਦੇ ਪੈਰਾਂ ਤੇ ਮੱਥਾ ਟੇਕਿਆ ਅਤੇ ਬੋਲੇ, ਬਾਨੋ ਲੈ ਫਿਰ ਅੱਜ ਤੋਂ ਮੈਂ ਤੇਰਾ ਪੁੱਤਰ, ਤੂੰ ਮੇਰੀ ਮਾਂ ਏਂ ਤਾਂ ਬਾਨੋ ਬੁੱਭਾਂ ਮਾਰਕੇ ਰੋ ਪਈ। ਕਦੀਂ ਅੱਖਾਂ ਪੂੰਝਦੀ ਏ, ਕਦੀ ਉਸ ਮਹਾਨ ਯੋਧੇ ਵੱਲ ਵੇਖਦੀ ਏ ਜਿਸ ਦਾ ਨਾਮ ਸੁਣਕੇ ਵੱਡੇ ਵੱਡੇ ਸੂਰਮੇ ਕੰਬ ਉਠਦੇ ਹਨ, ਜਿਸਦਾ ਨਾਮ ਸੁਣਕੇ ਵੱਡੇ ਵੱਡੇ ਯੋਧੇ ਮੈਦਾਨ-ਏ-ਜੰਗ ਵਿਚੋਂ ਭੱਜ ਜਾਂਦੇ ਹਨ, ਉਹ ਇਸ ਦੇ ਪੈਰਾਂ ਤੇ ਸਿਰ ਰਖਕੇ ਕਹਿ ਰਿਹਾ ਏ, ਐ ਬਾਨੋ ਮੈ ਤੇਰਾ ਪੁੱਤਰ ਤੇ ਤੂੰ ਮੇਰੀ ਮਾਂ ਹੈਂ। ਹੁਣ ਰੋਂਦੀ ਹੋਈ ਬਾਨੋ ਨੇ ਮੌਢਿਆਂ ਤੋਂ ਪਕੜਕੇ ਹਰੀ ਸਿੰਘ ਨਲੂਏ ਨੂੰ ਉਠਾਇਆ ਤੇ ਅੱਖਾਂ ਪੂੰਝਕੇ ਕਹਿਨ ਲੱਗੀ: ਹਰੀ ਸਿੰਘ ਮੈਂ ਸਿਖ ਨਹੀ। ਸਿਖ ਦੇ ਘਰ ਦਾ ਮੇਰਾ ਜਨਮ ਨਹੀ। ਪਰ ਅੱਜ ਮੇਰਾ ਸਿਰ ਫਖਰ ਨਾਲ ਉਚਾ ਹੋ ਗਿਆ ਹੈ। ਅੱਜ ਮੈਂ ਇਕ ਸਿਖ ਦੀ ਮਾਂ ਬਣੀ ਹਾਂ। ਉਹ ਹਰੀ ਸਿੰਘ, ਧੰਨ ਤੇਰਾ ਗੁਰੂ, ਧੰਨ ਤੂੰ, ਧੰਨ ਉਸ ਦੀ ਸਿਖਿਆ। ਉਹ ਹਰੀ ਸਿੰਘ ਜਿਸ ਕੌਮ ਵਿਚ ਤੇਰੇ ਵਰਗੇ ਸਰਦਾਰ ਹੋਣ, ਉਹ ਕੌਮਾਂ ਕਦੇ ਖਤਮ ਨਹੀ ਹੁੰਦੀਆਂ। ਇਹ ਗੱਲਾਂ ਕਹਿੰਦੀ ਬਾਨੋ, ਅੱਖਾਂ ਪੂੰਝਦੀ ਹੋਈ, ਅਸੀਸਾਂ ਦੇਂਦੀ, ਮੁੜ ਮੁੜ ਹਰੀ ਸਿੰਘ ਨਲੂਏ ਨੂੰ ਵੇਖਦੀ, ਤੰਬੂ ਵਿਚੋਂ ਨਿਕਲ, ਮੁੜ ਝਾੜੀਆਂ ਦੇ ਉਹਲੇ, ਰਾਤ ਦੇ ਹਨੇਰੇ ਵਿਚ ਅਲੋਪ ਹੋ ਜਾਂਦੀ ਹੈ।"

ਸੋ ਇਸ ਇਤਿਹਾਸਕ ਘਟਨਾਂ ਸਮੇਂ ਅਜੇ ਗੁਰੂ ਇਤਿਹਾਸ ਸੱਜਰਾ ਸੀ। ਇਸ ਲਈ ਸੁਣਿਆਂ ਇਕ ਤੇ ਇਹ ਸਿਧ ਹੁੰਦਾ ਹੈ ਕਿ ਜੇ ਗੁਰੂ ਸਹਿਬਾਨ ਇਸਲਾਮ ਜਾਂ ਹਿੰਦੂ ਧਰਮ ਦਾ ਮਾੜਾ ਪ੍ਰਭਾਵ ਕਬੂਲ ਕਰਕੇ, ਉਨਾਂ ਦੀ ਤਰਜ ਤੇ ਇਕ ਤੋਂ ਵੱਧ ਮਹਲ ਰੱਖਣ ਵਾਲੇ ਹੁੰਦੇ ਤਾਂ ਇਹ ਕਮਜੋਰੀ ਉਨਾਂ ਦੇ ਮਗਰੋਂ ਉਨਾਂ ਦੇ ਕਿਸੇ ਨਾ ਕਿਸੇ ਸਿਖ ਵਿਚ ਹੋਣੀ ਵੀ ਇਤਿਹਾਸ ਨੇ ਜਾਹਰ ਕਰ ਦੇਣੀ ਸੀ। ਜਿਵੇਂ ਹੁਣ ਹੋਇਆ ਹੀ ਹੈ। ਦੂਜਾ ਇਹ ਵੀ ਸਿਧ ਹੁੰਦਾ ਹੈ ਕਿ ਜੇ ਖਾਲਸਾ ਪੰਥ ਦੀ ਉਸਾਰੀ ਕਰਨ ਵਾਲੇ ਗੁਰੂ ਸਹਿਬਾਨ, ਕਿਰਦਾਰ ਪੱਖੋਂ ਖੁਦ ਖਾਲਸ ਨਾ ਹੁੰਦੇ ਤਾਂ ਉਸ ਦਾ ਖਾਲਸਾ ਵੀ ਕਦੇ ਖਾਲਸ ਨਾ ਹੁੰਦਾ। ਜੇ ਖਾਲਸਾ ਖਾਲਸ ਨਾ ਹੁੰਦਾ ਤਾਂ ਦਰ ਆਏ ਮਜ਼ਲੂਮ ਦਾ ਨਾ ਤੇ ਕਦੇ ਧਰਮ ਹੀ ਬਚਾ ਸਕਦਾ ਸੀ ਅਤੇ ਨਾ ਹੀ ਕਦੇ ਆਪਣੇ ਦੇਸ਼, ਰਾਜ ਭਾਗ ਦਾ ਮਾਲਕ ਹੀ ਹੋ ਸਕਦਾ ਸੀ। ਸੋ ਇਵੇਂ ਸਿਖ ਇਤਿਹਾਸ ਮੁਤਾਬਕ ਵੀ ਗੁਰੂਆਂ ਦੇ ਵੱਧ ਮਹਲਾਂ ਦਾ ਹੋਣਾਂ ਗਲਤ ਸਿਧ ਹੁੰਦਾ ਹੈ।

**5)** ਖਾਲਸਾ ਰਾਜ ਅਤੇ ਦੇਸ਼ ਦੀ ਬਲੀ ਲੈ ਲੈਣ ਮਗਰੋਂ ਮੰਨੂਵਾਦੀ ਬਿਪਰਨ ਇਹ ਪੂਰੀ ਤਰਾਂ ਜਾਣ ਚੁੱਕਾ ਸੀ ਕਿ ਜੇ ਸਿਖ ਹਰੀ ਸਿੰਘ ਨਲੂਏ ਵਾਂਗਰ ਆਪਣੇ ਗੁਰੂ ਦੀ ਬੀਬੀਆਂ ਪ੍ਰਤੀ ਦ੍ਰਿੜ ਕਰਵਾਈ ਰਹਿਤ ਮਰਯਾਦਾ ਉਤੇ ਅਡੋਲਤਾ ਨਾਲ ਪਹਿਰਾ ਦੇਣਗੇ ਤਾਂ ਭਵਿਖ ਵਿਚ ਵੀ ਆਪਣੇ ਗੁਰੂ ਦੇ ਬੋਲਾਂ ਨੂੰ ਮੁੜ ਸੱਚ ਕਰ ਦੇਣਗੇ ਕਿ ਉਸ ਦਾ ਖਾਲਸਾ ਰਾਜ ਕਰੇਗਾ। ਇਸ ਲਈ ਇਨਾਂ ਵਲੋਂ ਹੋਰ ਤੋਂ ਸਿਵਾ ਖਾਲਸੇ ਦੇ ਇਸ ਗੁਣ ਕਿਰਦਾਰ ਨੂੰ ਖੋਰਾ ਲਾਉਣ ਲਈ ਕਹਿਣੀ ਅਤੇ ਕਰਨੀ ਦੇ ਪੂਰੇ ਪ੍ਰੇਰਣਾ ਸਰੋਤ ਗੁਰੂਆਂ ਦੇ ਨਾਮਾਂ ਨਾਲ ਮਨਘੜਤ ਕਹਾਣੀਆਂ ਜੋੜ ਕੇ ਵੱਧ ਮਹਲਾਂ ਦਾ ਨਿਘ ਮਾਨਣ ਦੇ ਸ਼ੌਕੀ ਪਰਚਾਰਨਾਂ ਅਤੇ ਲਿਖਣਾਂ ਸ਼ੁਰੂ ਕਰ ਦਿੱਤਾ। ਬਿਪਰਨ ਨੂੰ ਗੁਰੂ ਅਰਜਣ ਦੇਵ ਜੀ ਦੀ ਸ਼ਹਾਦਤ ਤੱਕ ਸਿਖ ਮੱਤ, ਭਗਤੀ ਮਾਰਗ ਹੋਣਾਂ ਜਾਪਿਆ ਸੀ। ਪਰ ਸ੍ਰੀ ਹਰਿਮੰਦਰ ਸਾਹਿਬ ਜੀ ਨਾਲ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਉਸਾਰੀ ਨੇ ਸੰਸਾਰ ਉਤੇ ਨਵਾਂ

ਭਗਤੀ ਅਸੂਲ ਸਥਿਰ ਕਰ ਦਿੱਤਾ ਕਿ ਤੱਤੀ ਤਵੀ ਤੇ ਬੈਠ ਕੇ ਜਾਬਰ ਦਾ ਹਰ ਤਸ਼ੱਦਦ ਆਪਣੇ ਪਿੰਡੇ ਤੇ ਸਹਾਰਦੇ ਸ਼ਹਾਦਤ ਦਾ ਜਾਮ ਪੀ ਜਾਣ ਵਾਲੇ ਸੰਤ, ਹੁਣ ਰਣ ਤੱਤੇ ਚ ਜਾਬਰ ਨਾਲ ਲੋਹਾ ਖੜਕਾਉਂਦੇ ਸ਼ਹੀਦੀਆਂ ਪੀ ਜਾਣ ਵਾਲੇ ਸਿਪਾਹੀ ਵੀ ਹਨ। ਬਿਪਰਨ ਨੂੰ ਅਤੇ ਸੰਸਾਰ ਦੇ ਹੋਰਨਾਂ ਨੂੰ ਜੋ ਖੁਦ ਸੰਤ ਮਤ ਜਾਂ ਭਗਤੀ ਮਾਰਗ ਦੇ ਵੱਖ ਵੱਖ ਤਰੀਕਿਆਂ ਨੂੰ ਧਰਮ ਦਾ ਨਾਮ ਦੇਕੇ ਤਕੜੇ ਅਨਿਆਈ ਇਨਸਾਨ ਜਾਂ ਤਖਤ ਵੱਲੋਂ ਮਾੜੇ ਦੀ ਲੁਟ ਨੂੰ ਰੱਬ ਦੀ ਰਜਾ, ਗਰਦਾਨਦੇ ਨਾ ਦਖਲ ਅੰਦਾਜੀ ਕਰਕੇ ਅੱਖਾਂ ਮੀਟੀ ਰਖਣ ਦੀ ਸਿਖਲਾਈ ਦਿੰਦੇ ਸਨ, ਉਨਾਂ ਨੂੰ ਸਿਖ ਮੱਤ ਦੇ ਭਗਤੀ ਜਾਂ ਸੰਤ ਮਾਰਗ ਤੋਂ ਖਤਰਾ ਨਹੀ ਸੀ ਸਗੋਂ ਸ਼ਕਤੀ ਜਾਂ ਸਿਪਾਹੀ ਮਾਰਗ ਤੋਂ। ਸੋ ਬਿਪਰਨ ਵੱਲੋਂ ਵੱਧ ਮਹਲ ਰੱਖਣ ਦੀ ਗੱਲ ਵੀ ਸਿਖ ਮੱਤ ਨੂੰ ਭਗਤੀ ਮਾਰਗ+ਸ਼ਕਤੀ ਮਾਰਗ ਕਰਨ ਵਾਲੇ ਗੁਰੂਆਂ ਦੇ ਨਾਮਾਂ ਨਾਲ ਹੀ ਜਿਥੇ ਸੰਭਵ ਹੋ ਸਕੀ, ਜੋੜੀ ਗਈ। ਬਾਂਸ ਹੀ ਬਾਂਸਰੀ ਲਈ ਅਪੂਰਨ ਕਰੋ ਤਾਂ ਬਾਂਸਰੀ ਤੋਂ ਤਾਨ ਕਦ ਪੂਰਨ? ਸੋ ਤਿੰਨ ਗੁਰੂਆਂ ਦੇ ਨਾਮ ਨਾਲ ਇਕ ਤੋਂ ਵੱਧ ਮਹੱਲਾਂ ਅਤੇ ਇਕ ਤੋਂ ਵੱਧ ਮਹਲਾਂ ਤੋਂ ਸੰਤਾਨ ਦੀ ਮਨਘੜਤ ਕਹਾਣੀ ਬਿਪਰਨ ਵੱਲੋਂ ਜੋੜਕੇ ਪ੍ਰਚਾਰਨੀ ਸ਼ੁਰੂ ਕਰ ਦੇਣੀ ਸਿਧ ਹੁੰਦੀ ਹੈ ਜਿਸ ਨੂੰ ਬਿਨਾਂ ਵਿਚਾਰ ਕੀਤਿਆਂ, ਜਾਣੇ ਅਣਜਾਣੇ ਦਮਦਮੀ ਟਕਸਾਲ ਵਲੋਂ ਸਿਖ ਵਿਰਸੇ ਦੀ ਸੇਵਾ ਸੰਭਾਲ ਦੇ ਨਾਮ ਉਤੇ ਆਪਣੇ ਸਾਹਿਤ ਵਿਚ ਲਿਖਣਾਂ ਅਤੇ ਪ੍ਰਚਾਰਨਾਂ ਸ਼ੁਰੂ ਕਰ ਦਿੱਤਾ ਹੋਇਆ ਹੈ। ਇਸ ਦਾ ਨਤੀਜਾ ਵੇਖ ਹੀ ਲਿਆ ਹੈ। ਅੱਜ ਜਣਾਂ ਖਣਾਂ ਹੀ ਨਹੀਂ ਸਗੋਂ ਇਕ ਤਖਤ ਦਾ ਜਥੇਦਾਰ ਇਸੇ ਅਧਾਰ ਤੇ ਗੁਰੂਆਂ ਨੂੰ ਵੱਧ ਵਿਆਹਾਂ ਦੇ ਝੂਠੇ ਤਾਹਨੇ ਮੇਹਣੇ ਮਾਰ ਰਿਹਾ ਹੈ ਅਤੇ ਆਪ ਅਣਜਾਣ, ਝੂਠਾ, ਮੇਰੇ ਗੁਰੂਆਂ ਦੀ ਪੂਰਣ ਸਖਸ਼ੀਅਤ ਦਾ ਭਾਰੀ ਨਿਰਾਦਰ ਕਰ ਰਿਹਾ ਹੈ।

**6)** ਇਤਿਹਾਸ ਨੂੰ ਬਦਲਣ ਲਈ ਅਧਿਆਤਮ ਚੇਤਨਾਂ ਨੂੰ ਖਤਮ ਕਰਨ ਲਈ, ਧਾਰਮਿਕ ਚਿੰਤਕਾਂ ਨੂੰ ਖਤਮ ਕਰਨ ਅਤੇ ਉਨਾਂ ਦੀਆਂ ਲਾਸ਼ਾਂ ਦੇ ਖੁਰਾਖੋਜ ਮਿਟਾਕੇ ਉਨਾਂ ਦੇ ਨਾਮਾਂ ਨਾਲ ਮਨਖੜਤ ਕਹਾਣੀਆਂ ਜੋੜ ਦੇਣ ਲਈ ਬਿਪਰਨ ਕਿਥੋਂ ਤੱਕ ਜਾ ਚੁੱਕੇ ਨੇ, ਜਾਨਣ ਲਈ 'ਦੇਸ ਪੰਜਾਬ' ਦੇ ਅੰਕ ਦਸੰਬਰ ਵਿਚ ਡਾ ਐਸ ਐਲ ਵਿਰਦੀ ਦੀ ਲਿਖਤ, 'ਦਲਤ ਇਤਿਹਾਸ' ਨੂੰ ਇਕ ਵਾਰ ਫਿਰ ਪੜ੍ਹ ਲੈਣ ਦੀ ਬੇਨਤੀ ਹੈ।

ਤਕਰੀਬਨ ਸੌ ਸਾਲ ਪਹਿਲੇ ਪ੍ਰਕਾਸ਼ਤ ਹੋਏ ਭਾਈ ਗੁਰਦਾਸ (ਭੱਲੇ) ਜੀ ਦੀਆਂ ਵਾਰਾਂ ਦੇ ਸੁੰਦਰ ਗੁਟਕੇ ਉਤੇ ਇਸ ਦੀ ਛਪਾਈ ਲਈ ਜ਼ਿਮੇਵਾਰ ਸਿਖ ਏਜੰਸੀ ਦਾ ਸਿਖ ਮੈਨੇਜਰ ਲਿਖਦਾ ਹੈ: "ਪ੍ਰਿਥਮ ੩੯ ਵਾਰਾਂ ਭਾਈ ਗੁਰਦਾਸ ਭੱਲੇ ਜੀ ਦੀਆਂ ਕ੍ਰਿਤ ਹਨ, ਉਪ੍ਰੰਤ ੪੦ ਵੀਂ ਵਾਰ ਹੋਰ ਕਿਸੇ ਬੁਧਵਾਨ ਦੀ ਕ੍ਰਿਤ ਹੈ, ਅਤੇ ਛੇਕੜ ਦੀ ਇਕ ਵਾਰ ਹੋਰ ਭਾਈ ਗੁਰਦਾਸ ਹੋਇਆ ਹੈ, ਉਸ ਦੀ ਹੈ।" ਜੇ ਇਹ ਸਚ ਹੈ ਤਾਂ ਸਿਖ ਏਜੰਸੀ ਅਸਲ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਗੁਟਕੇ ਵਿਚ ਕਿਸੇ ਹੋਰ ਦੀ ਕਹੀ ਸ਼ਾਮਿਲ ਹੀ ਕਿਉਂ ਕਰਦੀ ਹੈ? ਜੇ ਕੋਈ ਪੰਥ ਦੋਖੀ ਹੋਲੀ ਹੋਲੀ ਇਨਾਂ ਉਪ੍ਰੋਕਤ ਕੁਝ ਸਤਰਾਂ ਦੇ ਸਪਸ਼ਟੀਕਰਨ ਨੂੰ ਛੱਡਕੇ ਛਾਪਣਾਂ, ਵੰਡਣਾਂ, ਵੇਚਣਾਂ ਸ਼ੁਰੂ ਕਰ ਦੇਵੇ ਤਾਂ ਕਿੰਨੀ ਛੇਤੀਂ ਨਕਲੀ ਵੀ ਅਸਲ ਭਾਈ ਗੁਰਦਾਸ ਜੀ ਦੀ ਬਾਣੀ ਬਣਕੇ, ਪੂਰਨ ਸੱਚ ਆ ਵੜੇਗੀ ਅਤੇ ਇਕ ਸੱਚ ਦੀ ਵਿਰੋਧੀ ਬਣਕੇ ਆ ਖੜੇਗੀ। ਇਹ ਗੁਟਕਾ ਹੀ ਸੌ ਸਾਲ ਪੁਰਾਣਾਂ ਹੈ। ਖੁਦ ਹੀ ਅੰਦਾਜਾ ਲਾ ਸਕਦੇ ਹੋ ਕਿ ਬਿਪਰਨ ਜਿਥੇ ਵਾਹ ਲੱਗੀ, ਗੁਰਬਾਣੀ ਵਿਚ ਰਲਾ ਕਰਨ ਲਈ ਕਦੋਂ ਤੱਕ ਦਾ ਪੰਥ ਦੇ ਪਿੱਛੇ ਪਿਆ ਹੋਇਆ ਹੈ।

ਵਾਹਿਗੁਰੂ ਨੇ ਤਾਂ ਕੁਦਰਤੀਂ ਉਹ ਵੀ ਇਸ ਦਰਬਾਰ ਦਾ ਕਰਿੰਦਾ ਨਾ ਲੁਕਿਆ ਰਹਿਣ ਦਿੱਤਾ ਜਿਸ ਨੂੰ ਮੋਹਰੇ ਲਾਕੇ ਗੁਰਬਾਣੀ ਵਿਚ ਦੁਬਧਾ ਲਈ ਨਿਰੰਕਾਰੀਆਂ ਦੀਆਂ ਕਿਤਾਬਾਂ ਲਿਖਵਾਈਆਂ ਗਈਆਂ ਸਨ। ਭਾਵੇਂ ਇਸ ਦਾ ਨਾਮ ਪੰਥ ਵਿਚ ਨਸ਼ਰ ਹੋਣਾਂ ਅਤੇ ਗਦਾਰਾਂ ਦੀ ਸੂਚੀ ਵਿਚ ਦਰਜ ਹੋਣਾਂ ਬਾਕੀ ਹੈ।

**7)** ਮੁੱਖੀ ਬ੍ਰਾਹਮ ਗਿਆਨੀ ਜੀਉ, ਜਦ ਦਮਦਮੀ ਟਕਸਾਲ ਕੋਲੋਂ ਹੁਣ ਦੇ ਜਮਾਨੇ, ਇਕੀ ਸਾਲ ਤੱਕ, ਗਲਤੀ ਨਾਲ ਜਾਂ ਕਿਵੇਂ ਵੀ ਆਪਣੀ ਹੀ ਸੰਸਥਾ ਦੇ ਮੁੱਖੀ ਸ਼ਹੀਦ ਸੰਤ ਜਰਨੈਲ ਸਿੰਘ ਜੀ ਦੇ ਜਿੰਦਾ ਹੋਣ ਦਾ ਗਲਤ ਪ੍ਰਚਾਰ ਹੋ ਸਕਦਾ ਹੈ ਤਾਂ ਇਵੇਂ ਹੀ ਕੀ ਇਹ ਨਹੀਂ ਹੋ ਸਕਦਾ ਕਿ ਇਸ ਵਲੋਂ ਆਪਣੇ ਅਤੇ ਸਾਡੇ ਪੰਥ ਦੇ ਤਿੰਨ ਗੁਰੂਆਂ ਦੇ ਵੱਧ ਮਹੱਲ ਹੋਣ ਦਾ ਜੋਰਾਂ ਸ਼ੋਰਾਂ ਅਤੇ ਫਖਰ ਨਾਲ ਕੀਤਾ ਜਾ ਰਿਹਾ ਪ੍ਰਚਾਰ ਵੀ ਗਲਤ ਹੀ ਹੋ ਰਿਹਾ ਹੋਵੇ?

**ਸੁਝਾ:** ਜਿਵੇਂ ਉਪਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਗੁਟਕੇ ਦਾ ਜਿਕਰ ਹੈ ਅਜਿਹੇ ਦੁਬਧਾ ਅਤੇ ਵਿਵਾਦ ਪੈਦਾ ਕਰਦੇ, ਪੰਥ ਲਈ ਅਤਿ ਘਾਤਕ ਸਾਹਿਤ ਦੀ ਪਹਿਚਾਨ ਕਰਨੀ ਅਤੇ ਇਸ ਨੂੰ ਨਸ਼ਟ ਕਰਨ ਦੀ ਸ਼ੁਰੂਆਤ ਵੀ ਦਮਦਮੀ ਟਕਸਾਲ ਨੂੰ ਘਰ ਤੋਂ ਹੀ ਕਰਨੀਂ ਪਵੇਗੀ। ਗੁਰੂ ਮਹਾਰਾਜ ਨੇ ਸਬੱਬ ਬਣਾ ਹੀ ਦਿੱਤਾ ਹੈ। 'ਗੁਰਬਾਣੀ ਪਾਠ ਦਰਪਨ' (ਪ੍ਰਕਾਸ਼ਕ ਦਾਸਨਿ ਦਾਸ ਠਾਕੁਰ ਸਿੰਘ ਖਾਲਸਾ) ਵਿਚ ਗੁਰੂਆਂ ਦੇ ਵੱਧ ਮਹਲਾਂ ਤੋਂ ਸਿਵਾ ਇਸ ਦੀ ਸ਼ੁਰੂਆਤ ਵਿਚ ਸੰਤ ਗਿ: ਜਰਨੈਲ ਸਿੰਘ ਜੀ ਖਾਲਸਾ ਗੈਰਹਾਜਰ ਵੀ ਲਿਖੇ ਹੋਏ ਨੇ। ਹੁਣ ਤੇ 9 ਮਹੀਨੇ ਤੋਂ ਵੀ ਉਪਰ ਸਮਾਂ ਬੀਤ ਗਿਆ ਹੈ ਟਕਸਾਲ ਵਲੋਂ ਪੰਥ ਦੇ ਅਤੇ ਆਪਣੇ ਸਿਖ ਜਰਨੈਲ ਸੰਤ ਨੂੰ ਸ਼ਹੀਦ ਐਲਾਨ ਕੀਤਿਆਂ। ਚਲੋ ਹੁਣ ਹੀ ਪਹਿਲੋ ਖਤਮ ਕਰੋ ਆਪਣਾਂ ਇਹ

ਅਤੇ ਹੋਰ ਸਾਹਿਤ, ਜਿਸ ਵਿਚ ਸੰਤਾਂ ਨੂੰ ਗੈਰਹਾਜਰ, ਜ਼ਿੰਦਾ, ਗੁਪਤਵਾਸ ਜਾਂ ਅਜਿਹਾ ਹੋਰ ਕੁਝ ਲਿਖਿਆ ਹੋਇਆ ਹੈ ਅਤੇ ਜਿਨਾਂ ਕੋਲ ਇਹ ਪਿਆ ਹੈ ਓਨਾਂ ਨੂੰ ਵੀ ਇਹ ਖਤਮ ਕਰ ਦੇਣ ਦੀ ਅਪੀਲ ਕਰੋ ਅਤੇ ਖਤਮ ਕਰਨ ਦੀ ਵਿਧੀ ਵੀ ਦਸੋ। ਤਾਂ ਜੋ ਨਵੀਂ ਸ਼ੁਰੂਆਤ ਨਾਲ ਅਗਲੇ ਮਹੱਤਵਪੂਰਨ ਕਾਰਜਾਂ ਦੀ ਪੂਰਤੀ ਲਈ ਪੱਕੇ ਅਤੇ ਮਜਬੂਤ ਪੈਰੀਂ ਤੁਰਿਆ ਜਾ ਸਕੇ।

ਗੁਰੂ ਦੀ ਅਪਾਰ ਕ੍ਰਿਪਾ, ਇਹ ਨਹੀਂ ਕਿ ਜੂਨ ਚੋਰਾਸੀ ਤੋਂ ਪਹਿਲੇ ਗੁਰਬਾਣੀ ਜਾਂ ਸਿਖ ਇਤਿਹਾਸ ਉਤੇ ਸੱਚਾ ਸਾਹਿਤ ਨਾ ਰਚਿਆ ਗਿਆ ਹੋਵੇ। ਜੂਨ ਚੋਰਾਸੀ ਮਗਰੋਂ ਖਾਲਸਾ ਪੰਥ ਵਲੋਂ ਡੇਢ ਲੱਖ ਸ਼ਹੀਦੀਆਂ, ਸ਼ਹਾਦਤਾਂ ਦੇ ਨਾਲ ਨਾਲ ਬਦਲੇ ਹਲਾਤਾਂ ਵਿਚ ਅਤਿ ਘੋਖ ਪੜਤਾਲ ਕਰਕੇ ਤੱਥਾਂ ਦੇ ਅਧਾਰ ਉਤੇ ਨਵੇਂ ਸਿਖ ਇਤਿਹਾਸ ਦੀ ਸਿਰਜਣਾਂ ਵੀ ਕੀਤੀ ਹੈ। ਹੁਣ ਤੇ ਇਸ ਸਭ ਨੂੰ ਲੈਕੇ, ਵਿਚਾਰਕੇ, ਜੇ ਕਿਤੇ ਰਹਿੰਦਾ ਤਾਂ ਪੂਰਾ ਕਰਕੇ ਇਸ ਨੂੰ ਸਭ ਪ੍ਰਵਾਨਤ ਇਕ ਦਸਤਾਵੇਜ਼ ਸਿਖ ਇਤਿਹਾਸ ਦੇ ਰੂਪ ਵਿਚ ਅੰਕਤ ਕੀਤਾ ਜਾ ਸਕਦਾ ਹੈ। ਇਸੇ ਤਰਾਂ ਹੁਣ ਤੱਕ ਦੀ ਵਗਿਆਨਕ ਖੋਜ ਨੂੰ ਮੁੱਖ ਰੱਖਕੇ ਗੁਰਬਾਣੀ ਉਤੇ ਵੀ ਖੋਜ ਭਰਭੂਰ, ਸੱਚੇ ਸਾਹਿਤ ਦੀ ਸਿਰਜਣਾਂ ਹੋਈ ਹੈ। ਪਰ ਅਜੇ ਹੋਣ ਵਾਲਾ ਜੋ ਮਹੱਤਵਪੂਰਣ ਕਾਰਜ ਹੈ ਉਹ ਗੁਰਸਿਖ ਗੁਰਮੁਖ ਪਿਅਰੇ 'ਦੇਸ ਪੰਜਾਬ' ਦੇ ਦਸੰਬਰ ਅੰਕ ਦੀ ਸੰਪਾਦਕੀ ਵਿਚ ਦਰਜ ਕਰ ਹੀ ਗਏ ਨੇ:

"ਨਿਰੰਤਰ ਬਦਲਦੇ ਮਨੁਖੀ ਜੀਵਨ ਵਰਤਾਰੇ ਨੂੰ ਸਮਝਣ ਅਤੇ ਰੌਸ਼ਨ ਦਿਮਾਗ ਜਗਿਆਸੂ ਦੀ ਮਾਨਸਿਕ ਤਸੱਲੀ ਲਈ ਗੁਰਬਾਣੀ ਦੀ ਵਿਆਖਿਆ ਨਵੇਂ ਮੁਹਾਵਰੇ ਵਿਚ ਕੀਤੀ ਜਾਣੀ ਜਰੂਰੀ ਹੈ।"

ਖਾਲਸਾ ਜੀ ਜੋ ਗੁਰਬਾਣੀ ਵਿਚ ਦਰਜ ਹੈ ਸੱਚ ਤਾਂ ਹੈ ਹੀ। ਸੱਚ ਨੂੰ ਸੰਸਾਰ ਅੱਗੇ ਰੱਖਣ ਲਈ, ਇਹ ਸੱਚ ਕਿਵੇਂ ਹੈ, ਦਾ ਜਬਾਬ ਪੂਰੀ ਸੁਰਤੀ ਇਕਾਗਰ ਕਰਕੇ, ਹੁਣ ਤੱਕ ਦੀ ਹੋਈ ਵਗਿਆਨਕ ਖੋਜ ਵਿਚੋਂ ਤਲਾਸ਼ ਕਰਨਾਂ ਪਵੇਗਾ। ਮਿਲਣ ਤੇ ਦਰਜ ਕਰਨਾਂ ਪਵੇਗਾ। ਨਾ ਮਿਲਣ ਤੇ ਅਜੇ ਆਪਣੀ ਅਗਿਆਨਤਾ ਦਾ ਬਿਨਾਂ ਕਿਸੇ ਹੀਣ ਭਾਵ ਪ੍ਰਗਟਾਵਾ ਕਰਨਾਂ ਪਵੇਗਾ। ਭਲਕ ਜਾਂ ਭਵਿਖ ਵਿਚ ਹੁਣ ਦੇ ਸਮੇ ਨਾਲੋਂ ਵੱਧ ਵਿਗਿਆਨਕ ਮੁਹਈਆ ਜਾਣਕਾਰੀ ਦੇ ਅਧਾਰ ਤੇ ਅਧਿਆਤਮ ਪੱਖੋਂ ਹੋਰ ਵੀ ਗਿਆਨਵਾਨ, ਬਲਵਾਨ, ਬਬੇਕ ਬੁਧੀ ਖਾਲਸਾ ਇਕੱਤ੍ਰ ਹੋ, ਵਿਚਾਰ ਕਰਕੇ, ਇਸ ਸਮੇਂ ਰਚੇ ਸੱਚੇ ਸਾਹਿਤ ਵਿਚ ਰਹਿ ਗਏ ਨੂੰ ਪੂਰਾ ਕਰਦਾ ਰਹੇਗਾ ਅਤੇ ਆਪਣੇ ਬਜੁਰਗਾਂ ਭਾਵ ਇਸ ਸਮੇਂ ਦੇ ਗਰਸਿਖਾਂ ਵੱਲੋਂ ਰਚੇ ਸੱਚੇ ਸਾਹਿਤ ਵਿਚ ਜੇ ਉਸ ਸਮੇਂ ਅਨੁਸਾਰ ਕੋਈ ਰਹੀ ਕਮੀ ਸਿਧ ਵੇਖੇਗਾ, ਸੋਧ ਵੀ ਕਰਦਾ ਰਹੇਗਾ। ਇਸ ਮਗਰੋਂ ਦੂਜਾ ਹੋਣ ਵਾਲਾ ਕਾਰਜ ਕੋਈ ਔਖਾ ਨਹੀ। ਗੁਰੂ ਆਸਰੇ ਇਸ ਉਤੇ ਵੀ ਹੁਣ ਤੱਕ ਕਾਫੀ ਕਾਰਜ ਹੋਇਆ ਪਿਆ ਹੈ ਪਰ ਆਪਾ ਵਿਰੋਧੀ ਵੀ ਹੈ। ਮਹੱਤਵਪੂਰਨ ਵਿਸ਼ਿਆਂ ਨੂੰ ਲੈਕੇ ਉਨਾਂ ਉਤੇ ਗੁਰਮਤਿ ਵਿਚਾਰਾਂ ਨੂੰ ਦਸਤਾਵੇਜ਼ ਕਿਤਾਬ ਦੇ ਰੂਪ ਵਿਚ ਕਰਨਾਂ। ਇਸ ਧਰਤ ਦਾ ਬਾਕੀ ਵਿਦਵਾਨ, ਖੋਜੀ ਜਾਂ ਜੁਗਿਆਸੀ ਤਬਕਾ ਆਪਣੇ ਧਰਮ ਵਿਚ ਹੀ ਆਪਾ ਵਿਰੋਧੀ ਵੇਖਦਾ ਹੋਣ ਕਰਕੇ ਦੁਬਧਾ ਦੇ ਵਿਸ਼ਿਆਂ ਉਤੇ ਸੱਚ ਦੀ ਤਲਾਸ਼ ਵਿਚ ਹੈ। ਪਰ ਇਸ ਦਾ ਦੁਖ, ਜੋ ਇਸ ਵਲੋਂ ਇਸ ਤਲਾਸ਼ ਵਿਚ ਗੁਰਮਤਿ ਦੀ ਰਾਏ ਨਾ ਵੇਖ ਸਕਣੀ ਅਤੇ ਆਪਣਾ ਦੁਖ ਜੋ ਇਨਾਂ ਅੱਗੇ ਇਨਾਂ ਦੇ ਦੁਬਦਾ ਦੇ ਵਿਸ਼ਿਆਂ ਵਾਰੇ ਗੁਰਮਤਿ ਦੀ ਰਾਏ ਨਾ ਰੱਖ ਸਕਣਾਂ। ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥ (ਪੰਨਾ 13)

ਗੁਰੂ ਅਸਰੇ ਖਾਲਸਾ ਪੰਥ ਨੇੜਲੇ ਭਵਿਖ ਵਿਚ ਜੇ ਅਤਿ ਮਹਾਨ ਧਾਰਮਿਕ ਕਾਰਜ ਸਫਲਤਾ ਪੂਰਵਕ ਨੇਪਰੇ ਚਾੜ੍ਹ ਵੀ ਲੈਂਦਾ ਹੈ ਤਾਂ ਵੀ ਅਕਾਲ ਪੁਰਖ ਅੱਗੇ ਇਸ ਦੀ ਪ੍ਰਵਾਨਗੀ ਤਾਂ ਹੀ ਹੈ ਜੇ ਇਹ ਕਾਰਜ ਖਾਲਸੇ ਨੇ ਆਪਣੇ ਪਹਿਲੇ ਤੇ ਅਸਲ ਕਾਰਜ ਦੀ ਪੂਰਤੀ ਦੇ ਨਾਲ ਨਾਲ ਰੂੰਘੇ ਵਿਚ ਕੀਤਾ ਹੈ ਨਾ ਕਿ ਪਹਿਲੇ ਅਤੇ ਅਸਲ ਕਾਰਜ ਦੀ ਪੂਰਤੀ ਨੂੰ ਭੁਲਾਕੇ, ਤਿਆਗਕੇ ਜਾਂ ਪਰਾਂ ਸੁਟਕੇ। ਇਸ ਪਹਿਲੇ ਕਾਰਜ ਤੋਂ ਸਿਖ ਦਾ ਅਣਜਾਣ ਹੋਣਾਂ ਅਨਹੋਣੀ। ਪਰ ਫਿਰ ਵੀ ਦੁਹਰਾਇਆ ਜਾ ਰਿਹਾ ਹੈ। ਸੋ ਇਹ ਪਹਿਲਾ ਕਾਰਜ ਵੀ ਇਸੇ ਹੀ ਸੰਪਾਦਕੀ ਵਿਚ ਗੁਰਸਿਖ ਵੀਰ ਆਮ ਇਨਸਾਨ ਤੱਕ ਦੀ ਸਮਝ ਲਈ ਬੜੇ ਸਾਦੇ, ਸੋਹਣੇ ਅਤੇ ਸੱਚੇ ਸ਼ਬਦਾਂ ਵਿਚ ਦਰਜ ਕਰ ਗਏ ਨੇ:

"ਖਾਲਸਾ ਪੰਥ ਦੀ ਸਿਰਜਣਾਂ ਇਸ ਕਰਕੇ ਕੀਤੀ ਗਈ ਸੀ ਕਿ ਖਾਲਸਾ ਪੰਥ ਅਕਾਲ ਪੁਰਖ ਦੀ ਫੌਜ ਬਣਕੇ ਮਨੁਖੀ ਭਾਈਚਾਰੇ ਦੀ ਇਕ ਪਿਤਾ ਦੀ ਇਕ ਰੂਪ ਸੰਤਾਨ ਦੀ ਨਿਰਸੁਆਰਥ ਸੇਵਾ ਕਰੇ। ਕਿਤੇ ਕੋਈ ਵਿਤਕਰਾ ਹੋ ਰਿਹਾ ਹੋਵੇ, ਮਨੁੱਖ ਮਨੁੱਖ ਵਿਚ ਭੇਦ ਕਰਕੇ ਤੁਆਸਬ ਹੋ ਰਿਹਾ ਹੋਵੇ, ਮਨੁਖ ਦੇ ਸਰਬਪੱਖੀ ਸੰਤੁਲਨ ਚ ਰੁਕਾਵਟ ਪਾਈ ਜਾ ਰਹੀ ਹੋਵੇ ਜਾਂ ਮਨੁੱਖ ਦੀਆਂ ਬੁਨਿਆਦੀ ਅਜਾਦੀਆਂ ਦਾ ਗਲਾ ਘੁੱਟਿਆ ਜਾ ਰਿਹਾ ਹੋਵੇ ਤਾਂ ਉਹ ਮਨੁੱਖ ਮਾਤਰ ਦੀ ਅਜ਼ਾਦੀ ਲਈ ਆਪਣੇ ਪ੍ਰਾਣਾਂ ਦੀ ਬਾਜ਼ੀ ਲਾ ਦੇਵੇ। "

ਖਾਲਸਾ ਪੰਥ ਦੀ ਸਿਰਜਣਾਂ ਦੇ ਸਪਸ਼ਟ ਮੰਤਵ ਨਾਲ ਗੁਰਬਾਣੀ ਵਿਚ ਗੁਰਸਿਖ ਨੂੰ ਭਗਤ ਨਾਲੋਂ, ਸੰਤ ਨਾਲੋਂ, ਸਾਧ ਨਾਲੋਂ ਵੱਡੇ ਭਾਗਾਂ ਵਾਲਾ ਐਲਾਣਣ ਦੇ ਅਰਥ ਇਕ ਇਹ ਨਿਕਲਦੇ ਨਜ਼ਰ ਆਏ ਨੇ ਕਿ ਗੁਰਬਾਣੀ ਨੇ ਸਿਖ ਮੱਤ=ਭਗਤੀ ਮਾਰਗ+

ਸ਼ਕਤੀ ਮਾਰਗ ਵਿਚੋਂ, ਸਿਖੀ ਜੀਵਨ ਲਈ ਪਹਿਲੋਂ ਅਤੇ ਉਤਮ ਸ਼ਕਤੀ ਮਾਰਗ ਨੂੰ ਰੱਖਿਆ ਹੈ ਅਤੇ ਭਗਤੀ ਜਾਂ ਭਗਤੀ ਮਾਰਗ ਤਾਂ ਸ਼ਕਤੀ ਮਾਰਗ ਦੀ ਸਫਲਤਾ ਪੂਰਵਕ ਨਿਭਾਈ ਲਈ ਸਿਰਫ ਇਸ ਦਾ ਸਹਾਇਕ ਹੀ ਕੀਤਾ ਹੋਇਆ ਹੈ। ਸੋ ਸਿਖ ਧਰਮ ਨੂੰ ਮੰਨਦੇ ਸੰਤ ਕਹਾਉਣ ਵਾਲੇ ਦੇਹਧਾਰੀਆਂ ਵਿਚ ਜੇ ਸਿਪਾਹੀ ਤੱਤ ਇਥੋਂ ਤੱਕ ਮਰ ਚੁੱਕਾ ਹੈ ਕਿ ਉਹ ਜ਼ੁਲਮ ਅਨਿਆ ਖਿਲਾਫ ਅਵਾਜ ਵੀ ਨਹੀ ਖੋਹਲ ਸਕਦੇ ਤਾਂ ਉਨਾਂ ਦਾ ਸੰਤ ਪੁਣਾਂ ਸਿਖੀ ਨਾਲ ਖਲਵਾੜ ਅਤੇ ਧੋਖਾ ਹੈ। ਇਹਨਾਂ ਅਖੌਤੀ ਨਕਲੀ ਸੰਤਾਂ ਤੋਂ ਖਹਿੜਾ ਛਡਾਉਣਾਂ ਬਣਦਾ ਹੈ। ਇਹ ਵੀ ਨਹੀ ਹੋ ਸਕਦਾ ਕਿ ਇਹ ਦੇਹਧਾਰੀ ਉਹ ਭਗਤ, ਉਹ ਸੰਤ, ਉਹ ਸਾਧ ਹੋਣ ਜਿੰਨਾਂ ਦੇ ਇਥੇ ਧੰਨ ਧੰਨ ਭਾਗ ਲਿਖੇ ਗਏ ਨੇ। ਇਹ ਧੰਨ ਧੰਨ ਭਾਗ ਭਗਤ, ਸੰਤ, ਸਾਧ, ਸਾਧੂ ਗੁਰਬਾਣੀ ਵਿਚ ਹੋਰ ਵੀ ਬਹਤ ਵਾਰ ਆਉਂਦੇ ਨੇ, ਜਿਨਾਂ ਦੀ ਧੂੜ ਹੋਣਾਂ ਲੋਚੀਦਾ ਹੈ। ਕੀ ਇਹ ਦੇਹਧਾਰੀ ਹਨ ਵੀ ਜਾਂ ਹੋਰ ਅਤੇ ਭਾਈ ਬਾਲੇ ਵਾਲੀ ਜਨਮ ਸਾਖੀ ਉਤੇ ਖਾਲਸਾ ਪੰਥ ਵੱਲੋਂ ਖੋਜ ਕਰਕੇ ਵੇਖਣਾਂ ਅਤੇ ਮੁਕਰਰ ਕਰਨਾਂ, ਗੁਰਬਾਣੀ ਦੀ ਵਿਆਖਿਆ ਨਵੇਂ ਮੁਹਾਵਰੇ ਵਿਚ ਕੀਤੇ ਜਾਣ ਲਈ ਜਰੂਰੀ ਬਣਦਾ ਹੈ।

ਗੁਰਬਾਣੀ ਵਿਚ ਗੁਰਸਿਖ ਨੂੰ ਭਗਤ ਨਾਲੋਂ, ਸੰਤ ਨਾਲੋਂ, ਸਾਧ ਨਾਲੋਂ ਵੱਡੇ ਭਾਗਾਂ ਵਾਲਾ ਐਲਾਨਣਾ ਗੁਰਬਾਣੀ ਦੇ ਇਸ ਸੱਚ ਦੀ ਪੁਸ਼ਟੀ ਵੀ ਹੈ ਕਿ ਸਿਖ, ਸਿੰਘ, ਖਾਲਸਾ ਜਾਂ ਬ੍ਰਹਮਗਿਆਨੀ ਧਰਾਇਆ ਨਾਮ ਹੀ ਸਿਖਰ ਦਾ ਚੰਗਾ ਨਾਮ ਹੈ। ਨਾਮ 'ਸੰਤ' ਤਾਂ ਪਹਿਲੋਂ ਹੀ 'ਸਿਖ'  ਨਾਮ ਵਿਚ, ਕਿਰਦਾਰ ਵਿਚ ਇਕ ਮਿਕ ਹੈ। ਕੀ ਗੁਰਮਤਿ ਨਾਮ 'ਸੰਤ' ਨੂੰ 'ਸਿਖ' ਨਾਮ ਨਾਲੋਂ ਉਪਰ ਦਸਦੀ ਹੈ ਜੋ ਸਿਖਾਂ ਨੇ ਆਪਣੇ ਨਾਮਾਂ ਤੋਂ ਪਹਿਲਾਂ ਸੰਤ ਲਿਖਵਾਣ ਦੀ ਰੀਤ ਤੋਰ ਲਈ ਹੈ? ਕੀ ਪੁਰਾਤਨ ਸਮੇਂ ਆਪਣੇ ਬਜੁਰਗ ਸਿਘਾਂ ਨੇ ਆਪਣੇ ਨਾਮ ਨਾਲ ਸੰਤ ਜੋੜਿਆ ਸੀ?

ਸਿਖ ਸਮੇਲਨ ਦੇ ਐਲਾਨ ਮਗਰੋਂ ਅਤੇ ਇਸ ਲਿਖਤ ਦਾ ਲਿਖਣਾਂ ਸ਼ੁਰੂ ਹੋਣ ਤੋਂ ਕੁਝ ਕੁ ਦਿਨ ਪਹਿਲੇ 07.01.2006 ਨੂੰ ਲਿਖ ਹੋਏ ਇਕ ਖਤ ਵਿਚ ਇਹ ਲਫਜ਼ ਦਰਜ ਹੋਏ ਸਨ: "ਗੁਰਮਤਿ ਅਨੁਸਾਰ ਇਹ ਉਮੀਦ ਨਹੀ ਹੈ ਅਤੇ ਨਾ ਹੀ ਰੱਖੀ ਹੈ ਕਿ ਕਿਸੇ ਇਨਸਾਨ ਦਾ ਸੰਸਾਰ ਉਤੇ ਆਉਣ ਦਾ ਮਕਸਦ, ਅੰਤ ਸਮੇਂ ਅੰਮ੍ਰਿਤ ਦੀ ਦਾਤ ਲੈ ਲੈਣ ਨਾਲ ਜਾਂ ਇਕ ਬੱਚੇ ਦੇ ਜਨਮਣ ਅਤੇ ਬਸ ਅੰਮ੍ਰਿਤ ਦੀ ਦਾਤ ਲੈਕੇ, ਬੱਚੇ ਦੇ ਪ੍ਰਲੋਕ ਪਿਆਨੇ ਕਰ ਲੈਣ ਨਾਲ, ਪੂਰਾ ਹੋ ਜਾਵੇਗਾ। ਅੰਮ੍ਰਿਤ ਦੀ ਅਨਮੋਲ ਦਾਤ ਦਾ ਮਤਲਬ ਕੋਈ ਸੰਤ ਮੱਤ ਨਹੀ ਸਗੋਂ ਸੰਤ ਅਤੇ ਸਿਪਾਹੀ ਕਿਰਦਾਰ ਨੂੰ ਨਿਭਾਂਦੇ, ਇਸ ਸੰਸਾਰ ਨੂੰ ਪਹਿਲੋਂ ਸਰਬੱਤ ਦੇ ਭਲੇ ਦਾ ਕਰਦੇ, ਪੂਰਣ ਰੂਪ ਵਿਚ ਸਿਖੀ ਕਮਾਕੇ, ਇਸ ਸੰਸਾਰੋਂ ਸਫਲ ਹੋ ਜਾਣਾਂ ਹੈ।"

ਕੁਝ ਦਿਨ ਮਗਰੋਂ ਅਚਾਨਕ ਇਸੇ ਹੀ ਬਣੀ ਧਾਰਨਾਂ ਦੀ ਪੁਸ਼ਟੀ ਇਕ ਅਖਬਾਰ ਵਿਚ ਇਕ ਸਿਖ ਲੇਖਿਕ ਦੇ ਇਹ ਲਫਜ਼ ਪੜ੍ਹਨ ਨਾਲ ਹੋਈ ਮਿਲਦੀ ਹੈ: "ਜੇ ਗੁਰਬਾਣੀ ਅਤੇ ਇਤਿਹਾਸ ਵਿਚਾਰੀਏ ਤਾਂ ਸਿਖ ਧਰਮ ਵਿਚ ਸੰਤ ਸ਼੍ਰੇਣੀ ਜਾਂ ਸੰਤ ਸਮਾਜ ਹੈ ਹੀ ਨਹੀ। ਗੁਰੂ ਸਾਹਿਬਾਂ ਨੇ ਸਿਰਫ ਗ੍ਰਹਿਸਤੀ ਸਿਖ ਹੀ ਬਣਾਏ ਸਨ। ਜਿਨਾਂ ਨੂੰ ਸੰਤ ਸਿਪਾਹੀ ਜਾਂ ਖਾਲਸੇ ਕਿਹਾ ਜਾਂਦਾ ਹੈ। ਸਾਧ ਸੰਤ ਬ੍ਰਾਹਮਣਵਾਦ ਦੀ ਪੁਰਾਣੀ ਕਾਢ ਹੈ। ਜੋ ਸਿਰਫ ਹਿੰਦੂਆਂ ਵਿਚ ਹੀ ਪਾਈ ਜਾਂਦੀ ਹੈ। ਸਿਖਾਂ ਵਿਚ ਸੰਤਪੁਣਾਂ ਅੰਗਰੇਜਾਂ ਨੇ ਸ਼ੁਰੂ ਕੀਤਾ ਹੈ। ਰਣਜੀਤ ਸਿੰਘ ਦੇ ਰਾਜ ਨੂੰ ਜਦੋਂ ਡੋਗਰਿਆਂ ਨੇ ਧੋਖੇ ਨਾਲ ਖੋਹਿਆ ਤਾਂ ਸਿਖਾਂ ਦੇ ਰੋਹ ਨੂੰ ਠੰਡਾ ਕਰਨ ਲਈ ਇਹ ਸੰਤ ਪੁਣਾਂ ਫੌਜੀਆਂ ਤੋਂ ਸ਼ੁਰੂ ਕਰਵਾਇਆ ਸੀ। "

ਇਹ ਲੇਖਿਕ ਵੀਰ ਜੀ ਮਨ ਨੂੰ ਭਾਇਆ ਇਹ ਵੀ ਲਿਖਦੇ ਹਨ: "ਇਕ ਵੇਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਸਿਖਾਂ ਨਾਲ ਵਿਚਾਰ ਕਰ ਰਹੇ ਸਨ ਤਾਂ ਰਸਤੇ ਵਿਚ ਤੜਪ ਰਹੇ ਸੱਪ ਨੂੰ ਦੇਖਿਆ ਜਿਸ ਨੂੰ ਕੀੜੇ ਖਾ ਰਹੇ ਸਨ। ਪੁੱਛਣ ਤੇ ਸਤਿਗੁਰਾਂ ਸਪਸ਼ਟ ਕੀਤਾ ਕਿ ਇਹ ਅਖੌਤੀ ਸੰਤ ਮਹਾਂਪੁਰਖ ਸੀ ਤੇ ਕੀੜੇ ਇਸ ਦੇ ਚੇਲੇ ਸਨ। " ਅਕਾਲ ਪੁਰਖ ਨੇ ਹਰ ਇਨਸਾਨ ਨੂੰ ਚੰਗੇ ਮਾੜੇ ਦੀ ਪਰਖ ਲਈ ਦਿਮਾਗ ਦਿੱਤਾ ਹੈ। ਅੰਤ ਉਸ ਦਾ ਨਬੇੜਾ ਇਸ ਨਾਲ ਨਹੀ ਹੋਣਾਂ ਕਿ ਮੇਰੇ ਤੋਂ ਤਾਂ ਜੀ ਇਹ ਫਲਾਨੇ ਦੇ ਕਹੇ, ਮੇਰੇ ਤੋਂ ਤਾਂ ਜੀ ਇਹ ਧੈਮਕੜੇ ਦੇ ਕਹੇ ਪਿੱਛੇ ਲਗ ਹੋ ਗਿਆ। ਸੋ ਇਹ ਕੋਈ ਅੱਤਕਥਨੀ ਨਹੀ ਕਿ ਤੜਪਦੇ ਸੱਪ ਦੇ ਪ੍ਰਾਣਾਂ ਦੇ ਖਾਤਮੇ ਲਈ ਤਿਲ ਤਿਲ ਖਾ ਰਹੇ ਕੀੜੇ ਚੇਲਿਆਂ ਦਾ ਅੰਤ ਹਸ਼ਰ ਮੌਤ ਵੀ ਅਖੌਤੀ ਸੰਤ ਸੱਪ ਵਰਗਾ ਹੀ ਹੈ। ਇਨਾਂ ਦਾ ਮੌਤ ਲਈ ਇਹ ਹੀ ਅੰਤ ਹਸ਼ਰ ਬਾਕੀ ਸੱਭੇ ਚਰਾਸੀ ਲੱਖ ਜੂਨਾਂ ਵਿਚ ਹੈ ਜਾਂ ਕਿਸੇ ਜੂਨ ਵਿਚ ਅਜਿਹੇ ਅੰਤ ਤੋਂ ਕੋਈ ਛੋਡ ਵੀ ਹੈ, ਅਕਾਲਪੁਰਖ ਹੀ ਜਾਣਦਾ ਹੋ ਸਕਦਾ ਹੈ।

ਸ਼ਹੀਦ ਜਰਨੈਲ ਸਿੰਘ ਜੀ ਖਾਲਸਾ ਦੇ ਨਾਮ ਨਾਲ ਜੇ ਦਮਦਮੀ ਟਕਸਾਲ ਨੇ ਆਪਣੀ ਪਹਿਲੋਂ ਤੋਰੀ ਰੀਤ ਮੁਤਾਬਕ ਸੰਤ ਜੋੜ ਹੀ ਦਿੱਤਾ ਗਿਆ ਸੀ ਤਾਂ ਉਹ ਇਸ ਨਾਮ ਦੀ ਲਾਜ ਰੱਖਦੇ ਹੋਏ ਜਰਵਾਣੇ ਬਿਪਰਣ ਤਖਤ ਅੱਗੇ ਸਿਖਰ ਦੀ ਅਡੋਲਤਾ ਨਾਲ ਖੜਕੇ ਆਪਣੀ ਮਿਸਾਲ ਕਾਇਮ ਕਰ ਗਏ ਨੇ ਕਿ ਭਵਿਖ ਵਿਚ ਜੇ ਕਿਸੇ ਨੇ ਆਪਣੇ ਚੰਗੇ ਨਾਮ ਸਿਖ  ਤੋਂ ਪਹਿਲੇ ਸੰਤ ਲਿਖਵਾਣਾਂ ਹੈ ਤਾਂ ਉਸ ਨੂੰ ਉਨਾਂ ਵਾਂਗਰ ਪੰਥ ਤੋਂ ਅਡੋਲਤਾ ਨਾਲ ਕੁਰਬਾਨ ਹੋਣ ਲਈ ਵੀ ਜਰੂਰੀ ਨਿੱਤਰਨਾ ਪਵੇਗਾ।

ਸਿਰਜਣਹਾਰ ਦਾ ਲੱਖ ਲੱਖ ਸ਼ੁਕਰਗੁਜਾਰ ਹੋਇਆ ਗਿਆ ਸੀ ਜਦੋਂ ਦਮਦਮੀ ਟਕਸਾਲ ਵੱਲੋਂ ਆਪਜੀ ਦੀ ਅਗਵਾਈ ਵਿਚ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਦੀ ਸ਼ਹੀਦੀ ਦੇ ਵਿਵਾਦ ਨੂੰ ਪੰਥ ਵਿਚੋਂ ਖਤਮ ਕੀਤਾ ਗਿਆ ਸੀ। (ਸਭ ਸਮਰੱਥ ਸਿਰਜਣਹਾਰ ਦਾ ਸ਼ੁਕਰਾਨਾਂ - ਦੇਸ ਪੰਜਾਬ ਅੰਕ ਅਗਸਤ 2005)। ਪਰ ਵਦੇਸ਼ਾਂ ਵਿਚ ਅਜੇ ਵੀ ਅਜਿਹੇ ਸਿਖ ਹਨ ਜਿਨਾਂ ਵਲੋਂ ਜੇ ਇਕ ਦਿੱਤੇ ਇਸ਼ਤਿਹਾਰ ਵਿਚ ਸੰਤਾਂ ਦੇ ਨਾਮ ਨਾਲ ਸ਼ਹੀਦ ਛਪਵਾ ਹੋ ਗਿਆ ਤਾਂ ਅਗਲੇ ਹਫਤੇ ਸੰਤਾਂ ਦੇ ਨਾਮ ਨਾਲ ਸ਼ਹੀਦ ਗਲਤ ਲੱਗ ਜਾਣ ਦਾ ਸਪਸ਼ਟੀਕਰਨ ਦੇ ਕੇ ਸ਼ਹੀਦ ਦੀ ਜਗਾਹ, ਗੈਰਹਾਜਰ ਠੀਕ ਕਰਵਾਂਦੇ ਨੇ। ਨਾਲ ਨਾਮ ਦਮਦਮੀ ਟਕਸਾਲ ਦਾ ਵਰਤਦੇ ਨੇ ਅਤੇ ਖਤਮ ਵਿਵਾਦ ਨੂੰ ਮੁੜ ਚਾਲੂ ਰੱਖ ਰਹੇ ਨੇ। ਆਪਜੀ ਟਕਸਾਲ ਦੇ ਮੁਖੀ ਹੋਣ ਨਾਤੇ ਇਹ ਕੌਣ ਹਨ, ਸੰਗਤਾਂ ਨੂੰ ਦੱਸਣਾਂ ਬਣਦਾ ਹੈ।

ਦਾਸ ਲਈ ਦੁਬਦਾ ਦਾ ਅਗਲਾ ਵਿਸ਼ਾ ਇਹ ਕਿ ਦਮਦਮੀ ਟਕਸਾਲ ਵੀ ਕਈ ਹੋਰਨਾਂ ਵਾਂਗਰ, ਸਿਖ ਬੀਬੀਆਂ ਨੂੰ ਸਿਖ ਮਰਦ ਦੇ ਬਰਾਬਰ ਨਾ ਅਧਿਕਾਰ ਹੋਣੇ ਪ੍ਰਚਾਰਦੀ, ਸਿਖ ਬੀਬੀਆਂ ਵਲੋਂ ਸ੍ਰੀ ਹਰਿ ਮੰਦਰ ਸਾਹਿਬ ਕੀਰਤਨ ਕਰਨ ਅਤੇ ਧਾਰਮਿਕ ਸੇਵਾ ਲਈ ਕੀਤੀਆਂ ਅਤਿ ਨਿਕੀਆਂ, ਨਗੂਣੀਆਂ ਮੰਗਾਂ ਦੇ ਵਿਰੋਧ ਵਿਚ ਨਿਤਰੀ ਹੋਈ ਹੈ। ਇਥੇ ਵੀ ਕੋਈ ਗੁਰਮਤਿ ਦਲੀਲ ਨਾ ਮਿਲਦੀ ਹੋਣ ਕਰਕੇ ਇਸ ਵਿਰੋਧਤਾ ਨੂੰ ਆਤਮਾਂ ਸਹੀ ਮੰਨਣ ਨੂੰ ਤਿਆਰ ਨਹੀ। ਜਿਸ ਕਰਕੇ ਜਦੋਂ ਇਹ ਵਿਰੋਧਤਾ ਸ਼ੁਰੂ ਹੋਈ ਸੀ ਤਾਂ ਉਂਦੋਂ ਹੀ ਗੁਰੂ ਹੁਕਮ ਪੰਥ ਨਾਲ ਵਿਚਾਰ ਸਾਂਝੇ ਹੋ ਗਏ ਸਨ ਕਿ ਦਾਸ ਬੀਬੀਆਂ ਲਈ ਬਰਾਬਰ ਹੱਕਾਂ ਦੀ ਵਕਾਲਤ ਕਿਉਂ ਕਰਦਾ ਹੈ। ਇਨਾਂ ਵਿਚਾਰਾਂ ਤੋਂ ਆਪਜੀ ਜਾਣੂੰ ਹੋ ਹੀ (ਸਿਖ ਧਰਮ ਵਿਚ ਔਰਤਾਂ ਦੇ ਹੱਕ- 'ਦੇਸ ਪੰਜਾਬ' ਮਈ 2003)

ਇਸ ਵਿਸ਼ੇ ਉਤੇ ਉਦੋਂ ਤੋਂ ਹੁਣ ਤੱਕ ਜੋ ਗੁਰੂ ਹੋਰ ਮਹਈਆ ਕੀਤਾ, ਜੋ ਇਸ ਵਿਸ਼ੇ ਉਤੇ ਉਸ ਦਾ ਅੰਤਮ ਫੈਸਲਾ ਵੀ ਹੈ:

**1)** ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥(ਪੰਨਾ 591), ਠਾਕੁਰੁ ਏਕੁ ਸਬਾਈ ਨਾਰਿ ॥ ਬਹੁਤੇ ਵੇਸ ਕਰੇ ਕੂੜਿਆਰਿ ॥(ਪੰਨਾ 933)। ਭਾਵ ਸੰਸਾਰ ਵਿਚ ਕੇਵਲ ਇਕ ਹੀ ਪਤੀ ਹੈ। ਹੋਰ ਸਾਰੀਆਂ ਸਮੂਹ ਉਸ ਦੀਆਂ ਪਤਨੀਆਂ ਹਨ। ਅਸੀਂ ਸਾਰੇ ਮਨੁੱਖ ਵੀ ਸਿੰਘ ਜਾਂ ਕੌਰ ਜਾਂ ਸਮੂਹ ਮਨੁੱਖ ਜਾਤੀ ਉਸ ਦੀਆਂ ਨਾਰਾਂ ਹਾਂ। ਇਸੇ ਰੱਬੀ ਸਿਧਾਂਤ ਉਤੇ ਹੀ ਅੱਗੇ ਦਰਜ ਹੈ: ਸਭਿ ਅਵਗਣ ਮੈ ਗੁਣੁ ਨਹੀ ਕੋਈ ॥ ਕਿਉ ਕਰਿ ਕੰਤ ਮਿਲਾਵਾ ਹੋਈ ॥੧॥(ਪੰਨਾ 750), ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥ ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥(ਪੰਨਾ 85)। ਸੋ ਇਸ ਤਰਾਂ ਇਕ ਨਾਰ 'ਸਿਖ' ਨੂੰ ਦੂਜੀ ਨਾਰ 'ਕੌਰ' ਦੇ ਕੀਰਤਨ ਕਰਨ ਜਾਂ ਹੋਰ ਧਰਮ ਕਾਰਜਾਂ ਵਿਚ ਹਿਸਾ ਲੈਣ ਦੀ ਮੁਖਾਲਫਤ ਕਰਨ ਦਾ ਕੋਈ ਅਧਿਕਾਰ ਹੀ ਨਹੀ ਰਹਿ ਜਾਂਦਾ।

**2)** ਜਰਵਾਣਾ ਬਿਪਰਨ ਤਖਤ ਹੋਰ ਕੁਕਰਮਾਂ ਤੋਂ ਸਿਵਾ ਇਕ ਪਾਸੇ ਭਾਰਤ ਦੇ ਹੋਰ ਹਿਸਿਆਂ ਵਿਚ ਵਸਦੇ ਸਿਖਾਂ ਨੂੰ ਆਪਣੇ ਹਕੂਮਤੀ ਜੋਰ ਨਾਲ ਉਜਾੜ ਰਿਹਾ ਹੈ ਅਤੇ ਦੂਜੇ ਪਾਸੇ ਗੁਰੂਆਂ ਦੀ ਧਰਤ, ਖਾਲਸੇ ਦੀ ਧਰਤ ਆਪਣੀ ਵਿਰਤੀ ਅਤੇ ਰਜਾ ਦੇ ਲੋਕਾਂ ਨੂੰ ਭਾਰਤ ਦੇ ਹੋਰ ਹਿਸਿਆਂ ਵਿਚੋਂ ਲਿਆਕੇ, ਪੱਕੇ ਵਸੇਬੇ ਕਰਾਕੇ ਖਾਲਸੇ ਨੂੰ ਉਸ ਦੀ ਧਰਤ ਹੀ ਘੱਟ ਗਿਣਤੀ ਕਰ ਰਿਹਾ ਹੈ। ਪਰ ਇਸ ਵਿਚ ਸਿਖ ਸਮਾਜ ਵੀ ਉਸ ਦੇ ਭਾਣੇ, ਖੁਦ ਭਾਈਵਾਲ ਬਣਿਆਂ ਹੈ। ਪਹਿਲੋਂ ਵੱਡੀ ਗਿਣਤੀ ਵਿਚ ਸੰਤਾਨ ਹੋਣੀ ਆਮ ਸੀ। ਬੀਬੀਆਂ ਕੋਲ ਅੰਤ ਤੱਕ ਆਪਣੀ ਸੰਤਾਨ ਦੀ, ਜੇ ਸਾਹ ਹੋਰ ਤਾਂ ਆਪਣੀ ਸੰਤਾਨ ਦੇ ਬੱਚਿਆਂ ਦੀ ਪਾਲਣਾਂ ਤੋਂ ਹੀ ਵਿਹਲ ਨਹੀ ਸੀ। ਸਿਖ ਸਮਾਜ ਵਿਚ ਵੀ ਵਿਗਿਆਨਕ ਵਿਧੀ ਦੁਆਰਾ ਪਰਵਾਰ ਮਰਜੀ ਦੇ ਛੋਟੇ ਹੋ ਗਏ। ਸਿਖ ਸਮਾਜ ਵਿਚ ਵੀ ਪਹਿਲੀ ਵਾਰ ਬੀਬੀਆਂ ਨੂੰ ਆਪਣੇ ਧਰਮ ਅਤੇ ਧਰਮ ਦੇ ਕੰਮਾਂ ਕਾਰਾਂ ਵਾਰੇ ਸੋਚ ਸਕਣ ਦਾ ਸਮਾਂ ਮਿਲਿਆ। ਉਸ ਦੀ ਚੇਤਨਾ ਵਿਚ ਸਿਖ ਧਰਮ ਅਤੇ ਸਿਖੀ ਕ੍ਰਿਦਾਰ ਦੇ ਗਿਅਨ ਦਾ ਪ੍ਰਕਾਸ਼ ਹੋਰ ਸ਼ੁਰੂ ਹੋਣ ਲੱਗਾ। ਉਸ ਨੇ ਮਿਲ ਗਏ ਵਿਹਲੇ ਸਮੇ ਨੂੰ ਧਰਮ ਕਰਮ ਦੇ ਕਾਰਜਾਂ ਨੂੰ ਸਿਖਣ ਅਤੇ ਮੁਹਾਰਤ ਹਾਸਲ ਕਰਨ ਲਈ ਲਾਇਆ। ਹੁਣ ਜੇ ਉਹ ਆਪਣੇ ਧਰਮ ਦੇ ਕਿਸੇ ਕਾਰਜ ਵਿਚ ਜਿਸ ਨੂੰ ਉਹ ਕਰ ਸਕਦੀ ਹੋਵੇ, ਆਪਣੇ ਸਿਖ ਵੀਰ ਨਾਲ ਹੱਥ ਵੰਡਾਈ ਲਈ ਭਾਈਵਾਲ ਬਣਨ ਦੀ ਇੱਛਾ ਪੰਥ ਅੱਗੇ ਜਾਹਰ ਕਰਦੀ ਹੈ ਤਾਂ ਪੰਥ ਦੀ ਸ਼ਰਨ ਰਹਿੰਦੀ ਹੋਈ ਨਾਕਿ ਬਾਹਰੀ ਹੋਈ। ਸੋ ਇਥੇ ਵੀ ਗੁਰਬਾਣੀ ਦਾ ਕੀਤਾ ਹੋਇਆ ਫੈਸਲਾ ਜੋ ਖਾਲਸਾ ਪੰਥ ਦੀ ਪਵਿਤ੍ਰ ਰੀਤ ਵੀ ਹੈ, ਸਾਡੇ ਸਾਹਮਣੇ ਹੈ ਹੀ:

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥(ਪੰਨਾ 544)

ਦਾਸ ਦੀ ਜਾਚੇ ਪਹਿਲੋਂ ਦਮਦਮੀ ਟਕਸਾਲ ਵੱਲੋਂ ਅੰਮ੍ਰਿਤ ਸ਼ਕਾਉਣ ਸਮੇਂ ਬੀਬੀਆਂ ਲਈ ਵੀ ਦਸਤਾਰ ਸਜਾਉਣੀਂ ਲਾਜਮੀ ਸੀ। ਕੀ ਇਸ ਨੂੰ ਕਿਤੇ ਇਸ ਲਈ ਤਾਂ ਨਹੀਂ ਤਿਆਗ ਹੋ ਗਿਆ ਕਿ ਜੇ ਬੀਬੀਆਂ ਤੋਂ ਬਰਾਬਰ ਦਸਤਾਰ ਸਜਾਉਣ ਦੀ ਮੰਗ ਕਰਾਂਗੇ ਤਾਂ ਬੀਬੀਆਂ ਨੂੰ ਬਰਾਬਰ ਹੱਕਾਂ ਦੀ ਮਾਲਕ ਵੀ ਸਵਿਕਾਰ ਕਰਨਾਂ ਪਵੇਗਾ?

ਕਿਸੇ ਹੀਣਤਾਂ ਦੇ ਭਾਵ ਤੋਂ ਮੁਕਤ, ਬਰਾਬਰ ਹੱਕਾਂ ਦੀ ਭਾਗੀ ਕੌਰ ਹੀ ਮਾਨਸਿਕ ਤੌਰ ਤੇ ਤੰਦਰੁਸਤ ਅਤੇ ਬਲਵਾਨ ਸਿਖ ਸੰਤਾਨ ਪੈਦਾ ਕਰ ਸਕਦੀ ਹੈ ਜਿਸ ਨੇ ਸੰਤ ਸੂਰਾ ਹੋ, ਗੁਰੂ ਜ਼ਿਮੇਂ ਮਿਸ਼ਨ ਦੀ ਪੂਰਣ ਰੂਪ ਵਿਚ ਪੂਰਤੀ ਕਰ ਸਕਣੀਂ ਹੈ।

**ਅੰਤ ਉਤੇ:** ਦਸ਼ਮੇਸ਼ ਪਿਤਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਪਵਿਤਰ ਹੱਥੀਂ ਮੁਕੰਮਲ ਕਰਵਾਇਆ ਅਤੇ ਇਸ ਵਿਚ ਆਪਣੀ ਬਾਣੀ ਵੀ ਸ਼ਾਮਿਲ ਨਹੀਂ ਕੀਤੀ ਅਤੇ ਖਾਲਸਾ ਪੰਥ ਨੂੰ ਬੜੀ ਉਚੀ ਹੁਕਮ ਹਦਾਇਤ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾਂ ਗੁਰੂ ਮੰਨਣਾਂ ਹੈ। ਭਾਵੇ ਦਸ਼ਮੇਸ਼ ਪਿਤਾ ਵਲੋਂ ਰਚਤ ਹੋਇਆ ਵੀ ਗੁਰਬਾਣੀ ਹੈ ਪਰ ਫਿਰ ਵੀ ਇਸ ਦਾ ਪ੍ਰਕਾਸ਼ ਕਿਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਰਨਾਂ, ਦਾਸ ਦੀ ਜਾਚੇ ਦਸ਼ਮੇਸ਼ ਪਿਤਾ ਜੀ ਦੇ ਹੁਕਮ ਹਦਾਇਤ ਦੀ ਅਵੱਗਿਆ ਕਰਨਾਂ ਹੈ।

ਹੁਣ ਸਿਖੀ ਚੇਤਨਾਂ ਵਿਚ ਇਹ ਜਾਗ੍ਰਤੀ ਆ ਚੁੱਕੀ ਹੈ ਕਿ ਖਾਲਸਾ ਪੰਥ ਦੀ ਅਗਵਾਈ ਵੀ ਉਹ ਹੀ ਕਰ ਸਕਣਗੇ ਜੋ ਪਹਿਲੋਂ ਗੁਰੂ ਦੇ ਹੁਕਮਾਂ ਉਤੇ ਸੌ ਪ੍ਰਤੀਸ਼ਤ ਪਹਿਰੇ ਨਾਲ ਆਪਣੇ ਆਪਨੂੰ ਸਿੰਘ, ਸਿਖ, ਖਾਲਸੇ, ਬ੍ਰਹਮ ਗਿਆਨੀ ਕਰ ਚੁੱਕੇ ਹੋਣਗੇ ਜਾਂ ਕਰਨ ਲਈ ਸੱਚੇ ਦਿਲੋਂ ਚਲ ਚੁਕੇ ਹੋਣਗੇ।

ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥ ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥(ਪੰਨਾ 287)

ਜੂਨ ਚੋਰਾਸੀ ਦੇ ਸ੍ਰੀ ਹਰਿਮੰਦਰ ਸਾਹਿਬ ਉਤੇ ਜਰਬਾਣੇ, ਅਕ੍ਰਿਤਘਣ ਬਿਪਰਨ ਤਖਤ ਵੱਲੋਂ ਬੋਲੇ ਫੌਜੀ ਧਾਵੇ ਸਮੇਂ ਅਤੇ ਉਦੋਂ ਤੋਂ ਹੁਣ ਤੱਕ ਅਣਗਿਣਤ ਸਿਖ ਪਰਵਾਰਾਂ ਨੇ ਆਪਣੀਆਂ ਮਾਤਾਵਾਂ, ਭੈਣਾਂ, ਧੀਆਂ, ਬਾਪਾਂ ਪੁੱਤਰਾਂ ਜੁਆਈਆਂ ਦੀਆਂ ਅਣਗਿਣਤ ਸ਼ਹੀਦੀਆਂ ਅਤੇ ਸ਼ਹਾਦਤਾਂ ਨਾਲ ਖਾਲਸਾ ਪੰਥ ਲਈ ਅਤਿਅੰਤ ਕੁਰਬਾਨੀ ਦਿੱਤੀ ਹੈ ਜਿਸ ਉਤੇ ਖਾਲਸਾ ਪੰਥ ਨੂੰ ਬਹੁਤ ਮਾਣ ਹੈ ਅਤੇ ਇਨਾਂ ਪ੍ਰਵਾਰਾਂ ਦਾ ਬੜਾ ਰਿਣੀ ਹੈ। ਕੋਈ ਥੱਕ ਅਰਾਮ ਫਰਮਾ ਸਕਦਾ ਹੈ। ਕੋਈ ਗਿਲਾ ਨਹੀ। ਬਾਕੀਆਂ ਲਈ, ਜਿਸ ਦਾ ਵੀ ਨਾਮ ਸਿੰਘ, ਸਿਖ, ਖਾਲਸਾ, ਉਸ ਲਈ ਮੰਜਿਲ ਨੂੰ ਵਿਸਾਰਕੇ ਵਾਪਿਸ ਮੁੜਨਾਂ ਬੁਰਾ, ਮਾੜਾ, ਗੁਨਾਹ। ਸਿਰਫ ਸ਼ਕਤੀ ਲਈ ਪਲ ਭਰ ਰੁਕਕੇ ਮੁੜ ਤੁਰ ਪੈਣਾਂ, ਜਾਂ ਹੋਲੀ ਤੁਰ ਸਕਣਾਂ ਮਾੜਾ, ਬੁਰਾ ਜਾਂ ਗੁਨਾਹ ਨਹੀ।

ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥ ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥(ਪੰਨਾ 844)

26 ਫਰਵਰੀ ਦੇ ਸੱਦੇ ਵਿਸ਼ਵ ਸਿਖ ਸਮੇਲਨ ਲਈ ਅਕਾਲ ਪੁਰਖ ਵਾਹਿਗੁਰੂ ਅੱਗੇ ਅਰਦਾਸ ਜੋਦੜੀ ਹੈ ਕਿ ਤੁਰਨਾਂ ਭਾਵੇਂ ਕਿੰਨਾਂ ਵੀ ਹੌਲੀ ਹੋਵੇ ਪਰ ਇਹ ਤੁਰਨਾ ਸਿਖ ਦੀ, ਸਿੰਘ ਦੀ, ਖਾਲਸੇ ਦੀ ਅਸਲ ਮੜਕ ਦਾ ਤੁਰਨਾ ਹੋਵੇ।

ਆਪਜੀ ਨੂੰ ਸੰਬੋਧਨ ਇਸ ਲਿਖਤ ਵਿਚ ਨਵੀਂ, ਸੱਜਰੀ, ਨਰੋਈ ਅਤੇ ਸੋਹਣੀਂ ਸ਼ੁਰੂਆਤ ਲਈ ਸਭ ਤੋਂ ਪਹਿਲੇ ਗਿਰਵਾਨ ਵਿਚ ਝਾਤੀ ਮਾਰਨ ਦੀ ਗੱਲ ਬੜੀ ਕਹੀ ਹੈ। ਦਾਸ ਦਾ ਪਿਛੋਕੜ 1984 ਤੋਂ ਅਸਤੀਫੇ ਤੱਕ ਜਥੇਬੰਦਕ ਰਿਹਾ ਹੈ। ਇਸ ਕਰਕੇ ਸਵਾਲ ਉਤਪਨ ਹੋਣਾਂ ਸੁਭਾਵਕ ਹੀ ਹੈ ਕਿ ਕੀ ਤੂੰ ਆਪਣੇ ਗਿਰਵਾਨ ਵਿਚ ਵੀ ਕਦੇ ਝਾਤੀ ਮਾਰੀ ਹੈ? ਅਸਤੀਫੇ ਦੀ ਲਿਖਤ ਮਗਰੋਂ ਅਕਾਲ ਪੁਰਖ ਵਲੋਂ ਇਹ ਕਾਰਜ ਵੀ ਕੁਦਰਤੀਂ ਕਰਵਾਕੇ, ਪੰਥ ਅੱਗੇ ਰਖਵਾਕੇ ਫਿਰ ਹੀ ਦਾਸ ਲਈ ਲਿਖ ਸਕਣਾਂ ਅਤੇ ਪੰਥ ਅੱਗੇ ਰੱਖ ਸਕਣਾਂ ਸੰਭਵ ਕੀਤਾ ਸੀ।

ਆਪਜੀ ਵਲੋਂ ਸੱਦੇ ਵਿਸ਼ਵ ਸੰਮੇਲਨ ਦੇ ਸੰਦਰਭ ਵਿਚ ਗੁਰੂ ਹੁਕਮ ਨੂੰ ਨਿਭਾਕੇ ਸੁਰਖਰੂ ਸਮਝ ਰਿਹਾ ਹਾਂ। ਇਸ ਲਿਖਤ ਦੁਆਰਾ ਅਕਾਲ ਪੁਰਖ ਵਾਹਿਗੁਰੂ ਹੋਰ ਸਭ ਗਾਹਾਂ ਫਿਰਾਕੇ 33-34 ਵਰੇ ਪਹਿਲੋਂ ਦਿਲ ਦਿਮਾਗ ਵਿਚ ਕਿਤੇ ਦੂਰ ਦੁਰਾਡੇ ਹੋਏ ਇਕ ਪਛਤਾਵੇ ਨੂੰ ਖਤਮ ਕਰਵਾ ਰਹੇ ਨੇ।

ਜਵਾਨੀ ਵਿਚ ਪੈਰ ਧਰਨ ਲੱਗਿਆਂ ਜਦੋਂ ਇਕ ਦਿਨ ਨਿਰਮਲੇ ਸੰਤ ਬਾਪ ਨੇ ਪੁੱਛਿਆ ਸੀ ਕਿ ਐ ਪੁਤਰ ਕੀ ਤੂੰ ਅਪਣੇ ਨਾਮ ਨਾਲ ਸੰਤ ਲਗਾਕੇ ਅਤੇ ਇਕ ਦਿਨ ਸੰਤ ਹੋਕੇ ਆਪਣੇ ਵਡੇਰਿਆਂ ਦੇ ਇਸ ਡੇਰੇ ਗੁਰੂ ਘਰ ਨੂੰ ਸਾਂਭ ਸਕਦਾ ਹੈਂ ਤਾਂ ਦਾਸ ਦਾ ਜਬਾਵ ਨਹੀਂ ਵਿਚ ਸੀ। ਇਸ ਦੇ ਨਾਲ ਹੀ ਕਿਤੇ ਇਹ ਪਛਤਾਵਾ ਸੀ ਕਿ ਜੇ ਹਾਂ ਕਰਦਾ ਤਾਂ ਪਰਵਾਰ ਦਾਸ ਨੂੰ ਗੁਰਬਾਣੀ ਵਾਰੇ ਸਿਖਿਆ ਹਾਸਲ ਕਰਨ ਲਈ ਉਸ ਜਗਾਹ ਭੇਜਦੇ ਜਿਥੇ ਦਾਸ ਕਹਿੰਦਾ ਅਤੇ ਇਹ ਜਗਾਹ ਦਮਦਮੀ ਟਕਸਾਲ ਹੁੰਦੀ।

ਦਮਦਮੀ ਟਕਸਾਲ ਕੋਲ ਇਸ ਲਿਖਤ ਦੁਆਰਾ ਆਪਣੇ ਸਿਖ ਧਰਮ ਵਾਰੇ ਸਿਖਿਆ ਪ੍ਰਾਪਤ ਕਰਨ ਲਈ ਆਉਣ ਦਾ ਗੁਰੂ ਵਲੋਂ ਬਣਾਇਆ ਸਬੱਬ ਇਸ ਲਈ ਵੀ ਹੈ ਤਾਂ ਜੋ ਆਪਣੇ ਧਰਮ ਵਾਰੇ ਜਿਥੋਂ ਪਤਾ ਨਹੀ ਜਾਂ ਪੰਥ ਵਿਚ ਜਿਨਾਂ ਵਿਸ਼ਿਆਂ ਤੇ ਦੁਬਧਾ ਹੈ, ਜਾਣਕਾਰੀ ਹਾਸਲ ਕਰਕੇ ਜੇ ਹੋਰ ਨਹੀ ਤਾਂ ਉਦ ਤੱਕ ਆਪਣੀ ਰਾਏ ਜਾਂ ਧਾਰਨਾ ਕਾਇਮ ਕਰ ਲੈਣੀਂ ਜਦ ਤੱਕ ਪੰਥ ਇਕ ਰਾਏ ਜਾਂ ਧਾਰਨਾਂ ਕਾਇਮ ਨਹੀਂ ਕਰ ਲੈਂਦਾ। ਜੇ ਇਨਸਾਨ ਨੂੰ ਆਪਣੇ ਧਰਮ ਵਾਰੇ ਪੂਰੀ ਜਾਣਕਾਰੀ, ਪੂਰਾ ਗਿਆਨ ਹੋਵੇਗਾ ਤਾਂ ਹੀ ਉਹ ਪੂਰਨ ਰੂਪ ਵਿਚ ਆਪਣੇ ਧਰਮ ਨੂੰ ਅਮਲੀ ਜੀਵਨ ਵਿਚ ਅਪਣਾਕੇ, ਸਫਲ ਹੋ ਸਕੇਗਾ।

ਮੇਰੇ ਭਾਈ ਜਨਾ ਕੋਈ ਮੋ ਕਉ ਹਰਿ ਪ੍ਰਭੁ ਮੇਲਿ ਮਿਲਾਇ ॥ ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ ਦਿਖਾਇ ॥੧॥(ਪੰਨਾ 41)

ਇਸ ਲਿਖਤ ਵਿਚ ਗੁਰਬਾਣੀ ਦੇ ਭਾਵ ਅਰਥ, ਅਤਿ ਤੁਛ ਇਨਸਾਨੀ ਸੋਚ ਦੀਆਂ ਅਤਿ ਅਧੂਰੀਆਂ ਕਿਆਸ ਰਿਆਈਆਂ ਹਨ ਅਤੇ ਰਹਿਣੀਆਂ ਵੀ ਹਨ। ਗੁਰਬਾਣੀ ਵਿਚ ਦਰਜ ਦੇ ਅਸਲ ਸੱਚ ਨੂੰ ਜਾਣਦਾ, ਸਿਰਫ ਤੇ ਸਿਰਫ ਇਸ ਦਾ ਮਾਲਕ ਅਕਾਲ ਪੁਰਖ ਆਪ ਹੀ ਹੋ ਸਕਦਾ ਹੈ। ਅਣਜਾਣ ਗਲਤ ਬਿਆਨੀ ਲਈ ਪਹਿਲੋਂ ਹੀ ਖਿਮਾਂ ਮੰਗਦਾ ਹੋਇਆ ਸਮੂਹ ਸੰਗਤ ਨੂੰ ਫਤਹਿ ਸਾਂਝੀ ਕਰਦਾ ਹਾਂ। ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਖਾਲਸਾ ਪੰਥ ਦੀ ਹਮੇਸ਼ਾਂ ਚੜ੍ਹਦੀ ਕਲਾ ਦੀ ਕਾਮਨਾਂ ਸਹਿਤ,
ਇਕੋ ਇਕ ਸਤਿਗੁਰੂ ਬਾਬੇ ਨਾਨਕ ਦੇ ਦਰ ਦਾ
ਐਨ ਕਮਲ- ਫ਼ੇਹਰਨਬੱਖ ਉਰਫ
ਬਿਧੀ ਸਿੰਘ ਬੱਬਰ ਜਰਮਨੀ
(04.02.2006)

**N. Kamal- Fehrenbach**
**Schöne Aussicht 74a**
**65760 Eschborn - Niederhöchstadt**
**Tel: 06173 67103, Fax: 06173 640321, eMail : ef-nk@t-online.de**

ਕਾਪੀਆਂ: ਖਾਲਸਾ ਪੰਥ ਦੇ ਅਣਥੱਕ, ਨਿਰਭਓ, ਅਡੋਲ ਜਰਨੈਲ ਅਤੇ ਅਵਾਜ਼ ਭਾਈ ਸਿਮਰਨਜੀਤ ਸਿੰਘ ਮਾਨ ਅਤੇ 'ਦੇਸ ਪੰਜਾਬ' ਰਸਾਲੇ ਨੂੰ।

ਨੋਟ: ਮਗਰੋਂ ਮਾਰਚ 2006 ਵਿਚ ਭੇਜੀ ਗਈ ਕਾਪੀ, ਨੂੰ: ਭਾਈ ਗੁਰਮੇਲ ਸਿੰਘ, ਭਾਈ ਮੁਹੱਬਤ ਸਿੰਘ, ਅਕੈਡਮੀ ਆਫ ਸਿੱਖ ਰਿਲੀਜਨ ਐਂਡ ਕਲਚਰ, ਢਿਲੋਂ ਮਾਰਗ , ਮਾਡਲ ਟਾਊਨ ਪਟਿਆਲਾ -147001, ਕੁਝ ਵਿਦਵਾਨਾਂ ਨੂੰ ਅਤੇ ਇੰਗਲੈਂਡ ਤੋਂ ਛਪਦੇ ਪੰਥਕ ਅਖਬਾਰ 'ਸਿਖ ਟਾਇਮਜ਼' ਨੂੰ

PS: Später im März 2006, Kopie weitergeleitet: an die Herren Gurmail Singh und Mohabat Singh von der Academy of Sikh Religion and culture, 1 Dhillon Marg, Model Town Patiala-147001 und ein paar Intellektuellen.